


SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 43
Febuary 6, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ





Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




Ambedkar Times and Desh Doaba fondly remember

## Mr CL Chumber on his 3rd anniversary

We deeply remember Mr C.L. Chumber on his 3rd anniversary. His valuable contribution towards highlighting the importance of the Ad Dharm movement for developing Dalit consciousness in Punjab has generated a lot of interest in that regard both at the general public and academic levels. Qaumi Udarian and a well-documented Babu Mangu Ram Muggowalia Souvenir on the Ad Dharm and the role of Babu Mangu Ram Mugowalia Ji in the awakening of Dalit consciousness in pre-partition Punjab became very popular in Punjab. Ambedkartimes.com and www.deshdoaba.com (Ambedkar Times & Desh Doaba weekly newspapers) pay floral tribute to Mr. C.L. Chumber Sahib on his 3rd Anniversary.

**Prem K. Chumber**
**Editor-In-Chief**
**Ambedkar Times**
**Desh Doaba weekly newspaper**

# ਵਿਦਿਆਰਥੀਆਂ ਨੂੰ ਭਰਮਾ ਰਹੀਆਂ ਨੇ ਅਮਰੀਕਾ ਵਿਚਲੀਆਂ ਨਕਲੀ ਯੂਨੀਵਰਸਿਟੀਆਂ

**ਵਾਸ਼ਿੰਗਟਨ (ਬਿਊਰੋ)-** ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਨਕਲੀ ਯੂਨੀਵਰਸਿਟੀ ਮਾਮਲੇ ਵਿਚ 129 ਭਾਰਤੀਆਂ ਸਮੇਤ 130 ਵਿਦੇਸ਼ੀ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲਏ ਜਾਣ 'ਤੇ ਸਫਾਈ ਦਿੱਤੀ ਹੈ। ਉਸਨੇ ਕਿਹਾ ਕਿ ਨਕਲੀ ਯੂਨੀਵਰਸਿਟੀ ਵਿਚ ਦਾਖਲਾ ਲੈਣ ਦੇ ਮਾਮਲੇ ਵਿਚ ਪਕੜੇ ਗਏ ਇਹ ਵਿਦਿਆਰਥੀ ਇਸ ਗੱਲ ਤੋਂ ਜਾਣੂ ਸਨ ਕਿ ਉਹ ਅਮਰਕਾ ਵਿਚ ਰਹਿਣ ਦੇ ਲਈ ਧੋਖਾਦੇਹੀ ਦਾ ਅਪਰਾਧ ਕਰ ਰਹੇ ਹਨ। ਵਿਦਿਆਰਥੀਆਂ ਦਾ ਹਾਲਾਂਕਿ ਕਹਿਣਾ ਹੈ ਕਿ ਉਹਨਾਂ ਨੂੰ ਇਸ ਗੱਲ ਦੀ ਜਾਣਕਾਰ ਨਹੀਂ ਸੀ ਕਿ ਯੂਨੀਵਰਸਿਟੀ ਨਕਲੀ ਹੈ।



ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ (ਡੀ. ਐਚ. ਐਸ.) ਨੇ ਡੈਟ੍ਰਾਇਟ ਸ਼ਹਿਰ ਵਿਚ ਸਥਿਤ ਨਕਲੀ ਪ੍ਰਾਈਵੇਟ ਫਰਮਿੰਗਟਨ ਯੂਨੀਵਰਸਿਟੀ ਵਿਚ ਦਾਖਲਾ ਲੈਣ ਦੇ ਮਾਮਲੇ ਵਿਚ ਬੀਤੇ ਹਫਤਾ ਵਿਦੇਸ਼ੀ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲਿਆ ਸੀ। ਵਿਦੇਸ਼ੀਆਂ ਨੂੰ ਅਮਰੀਕਾ ਵਿਚ ਨਜਾਇਜ਼ ਤੌਰ ਤੇ ਰਹਿਣ ਵਿਚ ਮਦਦ ਕਰਨ ਵਾਲੇ ਰੈਕੇਟ ਦਾ ਭਾਂਡਾ ਭੰਨਣ ਦੇ ਲਈ ਇਹ ਯੂਨੀਵਰਸਿਟੀ ਗੁਪਤ ਮੁਹਿੰਮ ਦੇ ਤਹਿਤ ਖੋਲ੍ਹੀ ਗਈ ਸੀ। ਇਹ ਰੈਕੇਟ ਚਲਾਉਣ ਵਾਲੇ 8 ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਸਾਰੇ ਜਾਂ ਤਾਂ ਭਾਰਤੀ ਹਨ ਜਾਂ ਫਿਰ ਭਾਰਤੀ ਮੂਲ ਦੇ।

ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਇਸ ਮਾਮਲੇ ਵਿਚ ਸ਼ਾਮਲ ਸਾਰੇ ਲੋਕ ਇਹ ਜਾਣਦੇ ਸਨ ਕਿ ਫਰਮਿੰਗਟਨ ਯੂਨੀਵਰਸਿਟੀ ਵਿਚ ਨਾ ਤਾਂ ਕੋਈ ਅਧਿਆਪਕ ਸੀ ਅਤੇ ਨਾ ਹੀ ਕਲਾਸਾਂ ਚਲਦੀਆਂ ਸਨ। ਉਹ ਜਾਣਦੇ ਸਨ ਕਿ ਅਮਰੀਕਾ ਵਿਚ ਰਹਿਣ ਦੀ ਕੋਸ਼ਿਸ਼ ਵਿਚ ਇਹ ਧੋਖਾਦੇਹੀ ਦਾ ਅਪਰਾਧ ਕਰ ਰਹੇ ਹਨ। ਇਸ ਤੋਂ ਪਹਿਲਾਂ ਭਾਰਤ ਸਰਕਾਰ ਨੇ ਬੀਤੇ ਸ਼ਨਿਚਰਵਾਰ ਨੂੰ ਨਵੀਂ ਦਿੱਲੀ ਸਥਿਤ ਅਮਰੀਕੀ ਅੰਬੈਸੀ ਨੂੰ ਇਤਰਾਜ਼ ਪੱਤਰ ਜਾਰੀ ਕਰਕੇ ਭਾਰਤੀ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲੈਣ ਤੇ ਰੋਸ ਪ੍ਰਗਟਾਇਆ ਸੀ। ਭਾਰਤ ਨੇ ਇਹਨਾਂ ਵਿਦਿਆਰਥੀਆਂ ਨੂੰ ਕਾਨੂੰਨੀ ਮਦਦ ਮੁਹੱਈਆ ਕਰਵਾਏ ਜਾਣ ਦੀ ਮੰਗ ਵੀ ਕੀਤੀ ਸੀ। ਇਸ ਰੈਕੇਟ ਵਿਚ ਗ੍ਰਿਫਤਾਰ 8 ਭਾਰਤੀਆਂ ਨੂੰ ਮਿਸ਼ੀਗਨ ਦੀ ਫੈਡਰਲ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਹਨਾਂ ਤੇ ਦੋਸ਼ ਹੈ ਕਿ ਨਜਾਇਜ਼ ਤੌਰ ਤੇ ਰਹਿਣ ਵਿਚ ਕਰੀਬ 600 ਵਿਦੇਸ਼ੀ ਨਾਗਰਿਕਾਂ ਦੀ ਮਦਦ ਕੀਤੀ ਸੀ।

# ਮਮਤਾ ਵੱਲੋਂ ਸੰਵਿਧਾਨ ਅਤੇ ਮੁਲਕ ਬਚਾਉਣ ਦਾ ਹੋਕਾ

**ਕੋਲਕਾਤਾ/ ਨਵੀਂ ਦਿੱਲੀ (ਬਿਊਰੋ)-** ਕੋਲਕਾਤਾ ਦੇ ਪੁਲਿਸ ਮੁਖੀ ਰਾਜੀਵ ਕੁਮਾਰ ਤੋਂ ਸੀਬੀਆਈ ਵੱਲੋਂ ਪੁੱਛ-ਗਿੱਛ ਕਰਨ ਦੀ ਕੋਸ਼ਿਸ਼ ਖ਼ਿਲਾਫ਼ ਪੱਛਮੀ ਬੰਗਾਲ 'ਚ ਛਿੜਿਆ ਸਿਆਸੀ ਸੰਗਰਾਮ ਹੁਣ 'ਸੰਵਿਧਾਨ ਅਤੇ ਮੁਲਕ ਬਚਾਉ' ਅੰਦੋਲਨ 'ਚ ਤਬਦੀਲ ਹੋ ਗਿਆ ਹੈ। ਸੀਬੀਆਈ ਖ਼ਿਲਾਫ਼ ਧਰਨੇ 'ਤੇ ਬੈਠਣ ਵਾਲੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਅਹਿਦ ਲਿਆ ਕਿ ਜਦੋਂ ਤਕ 'ਸੰਵਿਧਾਨ ਅਤੇ ਮੁਲਕ' ਨੂੰ ਉਹ ਬਚਾ ਨਹੀਂ ਲਏਗੀ, ਉਸ ਦਾ ਅੰਦੋਲਨ ਜਾਰੀ ਰਹੇਗਾ। ਲੋਕ ਸਭਾ ਚੋਣਾਂ ਤੋਂ ਪਹਿਲਾਂ ਮਮਤਾ ਬੈਨਰਜੀ ਨੇ ਕੇਂਦਰ ਦੀ ਭਾਜਪਾ ਸਰਕਾਰ ਨਾਲ ਸਿੱਧਾ ਮੱਥਾ ਲਾ ਲਿਆ ਹੈ। ਉਨ੍ਹਾਂ ਕਿਹਾ ਕਿ ਧਰਨਾ ਸ਼ੁੱਕਰਵਾਰ ਤੱਕ ਜਾਰੀ ਰਹੇਗਾ। ਉਧਰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੂਬੇ ਦੇ ਘਟਨਾਕ੍ਰਮ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਉਥੋਂ ਦੇ ਹਾਲਾਤ 'ਸੰਵਿਧਾਨਕ ਪ੍ਰਬੰਧ ਦੇ ਭੰਗ ਹੋਣ' ਵੱਲ ਇਸ਼ਾਰਾ ਕਰਦੇ ਹਨ। ਪੱਛਮੀ ਬੰਗਾਲ 'ਚ ਛਿੜੇ ਸਿਆਸੀ ਸੰਗਰਾਮ ਦਾ ਅਸਰ ਦਿੱਲੀ ਅਤੇ ਹੋਰ ਕਈ ਸੂਬਿਆਂ ਦੀਆਂ ਰਾਜਧਾਨੀਆਂ 'ਚ ਵੀ ਦੇਖਣ ਨੂੰ ਮਿਲਿਆ। ਮਮਤਾ ਬੈਨਰਜੀ ਦੇ ਕਦਮ ਨੂੰ ਕਈ ਪਾਰਟੀਆਂ ਨੇ ਹਮਾਇਤ ਦਿੱਤੀ ਹੈ। ਤ੍ਰਿਣਮੂਲ ਕਾਂਗਰਸ (ਟੀਐਮਸੀ) ਦੀ ਤੇਜ਼ਤਰਾਰ ਮੁਖੀ ਨੇ ਅੰਦੋਲਨ ਵਾਲੀ ਥਾਂ 'ਤੇ ਪੱਤਰਕਾਰਾਂ ਨੂੰ ਕਿਹਾ,''ਇਹ ਸੱਤਿਆਗ੍ਰਹਿ ਹੈ ਅਤੇ ਮੈਂ ਉਸ ਸਮੇਂ ਤਕ ਇਸ ਨੂੰ ਜਾਰੀ ਰੱਖਾਂਗੀ ਜਦੋਂ ਤਕ ਮੁਲਕ ਅਤੇ ਸੰਵਿਧਾਨ ਬਚ ਨਹੀਂ ਜਾਂਦੇ।''



ਤ੍ਰਿਣਮੂਲ ਕਾਂਗਰਸ ਦੇ ਵਰਕਰਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਪੁਤਲੇ ਸਾੜੇ ਗਏ ਤਾਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਲੋਕ ਸਭਾ 'ਚ ਪੱਛਮੀ ਬੰਗਾਲ ਦੀਆਂ ਘਟਨਾਵਾਂ ਨੂੰ ਮੰਦਭਾਗਾ ਕਰਾਰ ਦਿੱਤਾ ਅਤੇ ਕਿਹਾ ਕਿ ਇਹ 'ਸੰਵਿਧਾਨ ਭੰਗ ਕਰਨ' ਵਰਗੇ ਸੰਕੇਤ ਹਨ। ਲੋਕ ਸਭਾ 'ਚ ਸ੍ਰੀ ਸਿੰਘ ਨੇ ਕਿਹਾ,''ਸੰਵਿਧਾਨ ਤਹਿਤ ਕੇਂਦਰ ਸਰਕਾਰ ਕੋਲ ਮੁਲਕ ਦੇ ਕਿਸੇ ਵੀ ਹਿੱਸੇ 'ਚ


**(ਬਾਕੀ ਸਫਾ 13 'ਤੇ)**




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ
ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



# Raja SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets




# Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# L.A. MERCHANDISE

**Whole Sale +Retail**

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

**500 N. Palora Ave. Yuba City, CA 95991**

Loose Fabrics, Groceries, Blankets, Vegetables

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ






New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



**ਪੱਗਾਂ**
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

## ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



**ਸੂਟ**
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

**ਲਾਈਨਿੰਗ**
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

**Buy 5 get 1 free**



# Chicago's Pizza with a Twist






Parvinder Dhesi



Kulwant Sandhu

**1471 B St., Unit B, Livingston, CA 95334**



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop

# ਬਲਬੀਰ ਸਿੰਘ ਡੂਮੇਲੀ ਦੀ ਕਿਤਾਬ 'ਮੈਂ ਮਿੱਟੀ ਦਾ ਰੂਪ' ਰਿਲੀਜ਼, ਕ੍ਰਿਸ਼ਨਾ ਸੋਬਤੀ ਤੇ ਸਾਥੀ ਲੁਧਿਆਣੀ ਨੂੰ ਦਿੱਤੀ ਸ਼ਰਧਾਂਜਲੀ

**ਨਿਊਯਾਰਕ (ਬਿਊਰੋ)–** 'ਅੱਜ ਤੁਹਾਡੇ ਹੱਥਾਂ 'ਚ ਪਹੁੰਚੀ ਮੇਰੀ ਦੋਹਿਆਂ ਦੀ ਕਿਤਾਬ ਦਾ ਬੀਜ ਲਗਪਗ 12 ਸਾਲ ਪਹਿਲਾਂ ਉਦੋਂ ਮੇਰੇ ਅੰਦਰ ਬੀਜਿਆ ਗਿਆ ਸੀ, ਜਦੋਂ ਪੰਜਾਬੀ ਸਾਹਿਤ ਅਕੈਡਮੀ ਬਣੀ ਸੀ ਤੇ ਮੈਂ ਇਸਦੀਆਂ ਮੀਟਿੰਗਾਂ 'ਚ ਜਾਣਾ ਸ਼ੁਰੂ ਕੀਤਾ ਸੀ। ਅਕੈਡਮੀ ਦੇ ਮੈਂਬਰਾਂ ਦੇ ਉਤਸ਼ਾਹ ਤੇ ਯੋਗ ਅਗਵਾਈ ਸਦਕਾ ਮੈਂ ਕਵਿਤਾ ਲਿਖਣੀ ਸ਼ੁਰੂ ਕੀਤੀ, ਜਿਸ ਦਾ ਸਿੱਟਾ ਇਹ 'ਮੈਂ ਮਿੱਟੀ ਦਾ ਰੂਪ' ਕਿਤਾਬ ਹੈ।'' ਇਹ ਵਿਚਾਰ ਨਿਊਯਾਰਕ ਵਸਦੇ ਪੰਜਾਬੀ ਕਵੀ ਬਲਬੀਰ ਸਿੰਘ ਡੂਮੇਲੀ ਨੇ ਉਸ ਭਰਵੇਂ ਸਮਾਗਮ 'ਚ ਕਹੇ, ਜਿੱਥੇ ਉਸਦੀ ਦੋਹਿਆਂ ਦੀ ਪੁਸਤਕ 'ਮੈਂ ਮਿੱਟੀ ਦਾ ਰੂਪ' ਰਿਲੀਜ਼ ਗਈ। ਰਿਲੀਜ਼ ਦੀ ਰਸਮ ਬਜ਼ੁਰਗ ਸਰਬਾਂਗੀ ਸਾਹਿਤਕਾਰ ਡਾ. ਰਾਮ ਜੀ ਦਾਸ ਸੇਠੀ ਮਾਹਤਾਬ ਨੇ ਅਦਾ ਕੀਤੀ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਰਾਮਜੀ ਦਾਸ ਸੇਠੀ, ਬਲਦੇਵ ਸਿੰਘ ਗਰੇਵਾਲ, ਡਾ. ਜੀਤ ਚੰਦਨ ਅਤੇ ਉਂਕਾਰ ਸਿੰਘ ਡੂਮੇਲੀ ਸੁਸ਼ੋਭਤ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਪੰਜਾਬੀ ਕਵੀ ਉਂਕਾਰ ਸਿੰਘ ਡੂਮੇਲੀ ਨੇ ਆਏ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ 'ਜੀ ਆਇਆਂ' ਕਿਹਾ। ਉਪਰੰਤ ਕ੍ਰਿਸ਼ਨਾ ਸੋਬਤੀ ਤੇ ਸਾਥੀ ਲੁਧਿਆਣਵੀ ਦੇ ਅਕਾਲ ਚਲਾਣਾ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਅਗਲੀ ਕਾਰਵਾਈ ਵਾਸਤੇ ਉਂਕਾਰ ਸਿੰਘ ਹੋਰਾਂ ਸੁਰਿੰਦਰ ਸੋਹਲ ਨੂੰ ਆਵਾਜ਼ ਦਿੱਤੀ।

ਸੁਰਿੰਦਰ ਸੋਹਲ ਨੇ ਬਲਬੀਰ ਸਿੰਘ ਡੂਮੇਲੀ ਦੀ ਕਾਵਿ-ਕਲਾ ਦੇ ਨਾਲ-ਨਾਲ ਪੰਜਾਬੀ ਵਿਚ ਲਿਖੇ ਜਾ ਰਹੇ ਕਾਵਿ-ਰੂਪਾਂ ਦੋਹਾ ਤੇ ਦੋਹੜਾ ਦੇ ਅੰਤਰ ਬਾਰੇ ਚਰਚਾ ਛੇੜੀ। ਡੂਮੇਲੀ-ਕਾਵਿ 'ਚ ਆਏ ਬਿੰਬਾਂ, ਦ੍ਰਿਸ਼ਟਾਂਤਾਂ, ਪ੍ਰਤੀਕਾਂ ਦਾ ਹਵਾਲੇ ਦਿੰਦੇ ਹੋਏ ਦੋਹਿਆਂ 'ਚ ਪੇਸ਼ ਮਾਨਵ-ਵਾਦੀ ਪਹੁੰਚ ਦਾ ਜ਼ਿਕਰ ਕੀਤਾ ਅਤੇ ਆਪਣੇ ਪਰਚੇ 'ਮੈਂ ਮਿੱਟੀ ਦਾ ਰੂਪ- ਪੁਖਤਾ ਦੋਹਿਆਂ ਦਾ ਸਰੂਪ' ਵਿੱਚੋਂ ਅੰਸ਼ ਸਾਂਝੇ ਕੀਤੇ।

ਡਾ. ਮੱਖਣ ਸਿੰਘ ਦਾ ਲਿਖਿਆ ਪਰਚਾ 'ਸਮਾਜ-ਸਭਿਆਚਾਰ ਦਾ ਬਹੁ-ਪਰਤੀ ਵਿਸ਼ਲੇਸ਼ਣ-ਮੈਂ ਮਿੱਟੀ ਦਾ ਰੂਪ' ਨਿਊਯਾਰਕ ਦੀ ਅਗਾਂਹਵਧੂ ਸ਼ਖਸੀਅਤ ਮਨਮੋਹਨ ਪੂਨੀ ਵਲੋਂ



ਪੜ੍ਹਿਆ ਗਿਆ। ਮੱਖਣ ਸਿੰਘ ਦੇ ਸ਼ਬਦਾਂ ਵਿਚ 'ਸ਼ਬਦ ਦੀ ਤਾਕਤ ਨੂੰ ਇਹਨਾਂ ਦੋਹਿਆਂ ਵਿਚ ਬਹੁਤ ਵਡਿਆਇਆ ਗਿਆ ਹੈ। ਸ਼ਬਦਾਂ ਰਾਹੀਂ ਕੁਲ ਆਲਮ ਵਿਚ ਵਰਤ ਰਹੇ ਮੋਹ ਦੀ ਗੱਲ ਕੀਤੀ ਗਈ ਹੈ।'

ਤੀਜਾ ਪਰਚਾ 'ਗਾਗਰ ਵਿਚ ਸਾਗਰ- ਮੈਂ ਮਿੱਟੀ ਦਾ ਰੂਪ' ਡਾ. ਸਰਦੂਲ ਸਿੰਘ ਔਜਲਾ ਵਲੋਂ ਲਿਖਿਆ ਗਿਆ ਸੀ, ਜਿਸਨੂੰ ਜਸਬੀਰ ਸਿੰਘ ਡੂਮੇਲੀ ਹੋਰਾਂ ਸਰੋਤਿਆਂ ਨਾਲ ਸਾਂਝਾ ਕੀਤਾ। ਡਾ. ਔਜਲਾ ਮੁਤਾਬਿਕ – 'ਮੈਂ ਮਿੱਟੀ ਦਾ ਰੂਪ' ਵਿਚ ਜਿੱਥੇ ਦੁਨਿਆਵੀ ਰੰਗਤ ਹੈ ਭਾਵ ਅਜੋਕੇ ਜੀਵਨ ਯਥਾਰਥ ਦੀਆਂ ਵਿਸੰਗਤੀਆਂ ਦਾ ਕਾਵਿ-ਚਿਤਰਨ ਹੋਇਆ ਓਥੇ ਬਹੁਤ ਸਾਰੇ ਦੋਹੇ ਅਜਿਹੇ ਹਨ ਜਿਨ੍ਹਾਂ ਵਿਚ ਫਲਸਫਾਨਾ ਰੰਗ ਵੀ ਮਾਣਨ ਨੂੰ ਮਿਲਦਾ ਹੈ। ਕੋਲੰਬੀਆ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਡਾ. ਸੰਦੀਪ ਸਿੰਘ ਅਨੁਸਾਰ ਬਲਬੀਰ ਸਿੰਘ ਡੂਮੇਲੀ ਨੇ ਇਸ ਕਿਤਾਬ 'ਚ ਦੋਹਿਆਂ ਦੀ ਰਿਵਾਇਤ ਬਾਖ਼ੂਬੀ ਅਗਾਂਹ ਤੋਰੀ ਹੈ, ਜਿਸ ਲਈ ਉਹ ਵਧਾਈ ਦਾ ਹੱਕਦਾਰ ਹੈ। ਇਸ ਦੇ ਨਾਲ ਹੀ ਉਸਨੇ ਕਿਤਾਬ ਵਿਚ ਰਹਿ ਗਈਆਂ ਟਾਈਪਿੰਗ ਦੀਆਂ ਗ਼ਲਤੀਆਂ ਵੱਲ ਵੀ ਧਿਆਨ ਦਿਵਾਇਆ।

ਜਸਵਿੰਦਰ ਸਿੰਘ ਸੰਧੂ ਹੋਰਾਂ ਨੇ ਕਿਹਾ ਕਿ ਉਹ ਬਲਬੀਰ ਦੇ ਦੋ ਦਹਾਕਿਆਂ ਦੇ ਮਿੱਤਰ ਹਨ, ਪਰ ਉਹਨਾਂ ਦੀ ਇਸ ਕਾਵਿ-ਮਈ ਸ਼ਖ਼ਸੀਅਤ ਦਾ ਦੀਦਾਰ ਉਹ ਪਹਿਲੀ ਵਾਰ ਕਰ ਰਹੇ ਹਨ।

ਰੇਸ਼ਮ ਸਿੰਘ ਡੂਮੇਲੀ ਪੁਸਤਕ ਵਿਚੋਂ ਮਨਪਸੰਦ ਦੇ ਦੋਹੇ ਪੜ੍ਹ ਕੇ ਸੁਣਾਏ ਤੇ ਕਿਹਾ ਕਿ ਕੁਝ ਦੋਹੇ ਤਾਂ ਏਨੇ ਗਹਿਰ-ਗੰਭੀਰ ਹਨ ਕਿ ਉਹਨਾਂ 'ਚ ਸਮਾਇਆ ਫਲਸਫਾ ਉਹਨਾਂ ਦੀ ਪਕੜ ਵਿਚ ਨਹੀਂ ਆਇਆ। ਉਂਕਾਰ ਸਿੰਘ ਡੂਮੇਲੀ ਹੋਰਾਂ ਨੇ ਕਾਵਿਕ ਅੰਦਾਜ਼ ਵਿਚ ਬਲਬੀਰ ਦੀ ਸ਼ਖਸੀਅਤ ਤੇ ਸ਼ਾਇਰੀ ਬਾਰੇ ਦਿਲਚਸਪ ਗੱਲਾਂ ਕੀਤੀਆਂ।

ਬਲਦੇਵ ਸਿੰਘ ਗਰੇਵਾਲ ਨੇ ਬਲਬੀਰ ਦੇ ਇਸ ਸ਼ੁਭ ਕਾਰਜ 'ਤੇ ਵਧਾਈ ਦਿੱਤੀ ਤੇ ਉਸਦੀ ਕਾਵਿ-ਕਲਾ ਦੀ ਸ਼ਲਾਘਾ ਕੀਤੀ। ਸਮਾਗਮ ਦੇ ਪਹਿਲੇ ਪੜਾਅ ਦੇ ਅਖੀਰ ਵਿਚ ਨਿਊਯਾਰਕ ਵਸਦੀ, ਪੰਜਾਬੀ ਸਾਹਿਤ ਤੇ ਸੰਗੀਤ ਨੂੰ ਸਮਰਪਤ ਹਸਤੀ ਰੀਟਾ ਕੋਹਲੀ ਨੇ 'ਮੈਂ ਮਿੱਟੀ ਦਾ ਰੂਪ' 'ਚੋਂ ਦੋਹਿਆਂ ਦਾ ਗਾਇਨ ਕਰ ਕੇ ਸਮਾਗਮ ਨੂੰ ਵੱਖਰੇ ਆਯਾਮ ਪ੍ਰਦਾਨ ਕੀਤੇ।

ਅਗਲੇ ਦੌਰ ਵਿਚ ਹੋਏ ਕਵੀ ਦਰਬਾਰ ਵਿਚ ਮਨਮੋਹਨ ਪੂਨੀ, ਰਾਜਿੰਦਰ ਜਿੰਦ, ਡਾ. ਸੰਦੀਪ ਸਿੰਘ, ਸੁਰਿੰਦਰ ਸੋਹਲ, ਸੁਰਜੀਤ ਸਿੰਘ ਘੋਲੀਆ, ਜਸਬੀਰ ਸਿੰਘ ਡੂਮੇਲੀ, ਮੀਨਾਲੀ, ਪਰਮਜੀਤ ਕੌਰ, ਉਂਕਾਰ ਸਿੰਘ ਡੂਮੇਲੀ, ਬਲਬੀਰ ਸਿੰਘ ਡੂਮੇਲੀ ਆਦਿ ਨੇ ਕਵਿਤਾਵਾਂ ਪੜ੍ਹੀਆਂ। ਰੇਸ਼ਮ ਸਿੰਘ ਤੇ ਜਸਵਿੰਦਰ ਸਿੰਘ ਡੂਮੇਲੀ ਨੇ ਵਿਅੰਗ ਪੜ੍ਹੇ। ਸਮਾਗਮ ਦੀ ਕਾਰਵਾਈ ਡਾ. ਰਾਮਜੀ ਦਾਸ ਸੇਠੀ ਅਤੇ ਸੁਰਿੰਦਰ ਸੋਹਲ ਵਲੋਂ ਵਾਰੀ-ਵਾਰੀ ਨਿਭਾਈ ਗਈ।

ਇਸ ਮੌਕੇ ਹੋਰਾਂ ਤੋਂ ਇਲਾਵਾ ਸਵਰਨਜੀਤ ਸਿੰਘ, ਜਸਰਾਜ ਕੌਰ, ਅਮਨ ਸੋਹਲ, ਜਸਵੰਤ ਸਿੰਘ, ਬਲਜੀਤ ਕੌਰ, ਮੋਨਿਕਾ ਬਸਰਾ, ਤਰਲੋਚਨ ਸੱਚਰ, ਦਿਲਦੀਪ ਸਿੰਘ, ਰਵਿੰਦਰ ਕੌਰ, ਰਮਨ ਡੂਮੇਲੀ, ਮਨਜੀਤ ਕੌਰ, ਗੁਰਦਰਸ਼ਨ ਸਿੰਘ, ਇੰਦਰਜੀਤ ਸਿੰਘ, ਗੁਰਪ੍ਰੀਤ ਕੌਰ, ਅਮਰਜੀਤ ਸਿੰਘ, ਜੱਸੀ ਸਿੰਘ, ਅਮਨਦੀਪ ਕੌਰ, ਸ਼ਰਨਜੀਤ ਸਿੰਘ, ਬਲਵਿੰਦਰ ਸਿੰਘ, ਮਨਜਿੰਦਰ ਕੌਰ, ਇਸ਼ਰੀਤ ਕੌਰ, ਸਮਰ ਸਿੰਘ, ਸਿਮਰਨਜੀਤ ਸਿੰਘ, ਸੁਪ੍ਰੀਤ ਕੌਰ ਆਦਿ ਮੌਜੂਦ ਸਨ।

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇਅ ਏਰੀਆ) ਦੀ ਮਾਸਿਕ ਮਿਲਣੀ

ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇਅ ਏਰੀਆ) ਮਾਸਿਕ ਮਿਲਣੀ 23 ਫ਼ਰਵਰੀ 2019 ਦਿਨ ਸ਼ਨੀਵਾਰ ਬਾਅਦ ਦੁਪਹਿਰ 2:00 ਵਜੇ ਤੋਂ 5:00 ਤੱਕ Golden India cuisine 4918 Paseo Padre Fremont CA Ph. 510-745- 1000 ਵਿਖੇ ਹੋਵੇਗੀ। ਆਪ ਜੀ ਨੂੰ ਇਸ ਮਿਲਣੀ ਵਿਚ ਸ਼ਾਮਿਲ ਹੋਣ ਲਈ ਹਾਰਦਿਕ ਸੱਦਾ ਹੈ।

**ਪ੍ਰੋਗਰਾਮ ਦਾ ਵੇਰਵਾ:**

ਪਿਛਲੀ ਕਾਰਜ ਕਾਰਨੀ ਦੀਆਂ ਪ੍ਰਾਪਤੀਆਂ 'ਤੇ ਇਕ ਝਾਤ

ਵਿਪਸਾਅ ਦੀ ਮੈਂਬਰਸ਼ਿਪ ਪ੍ਰਤੀ ਸਰਵੇਖਣ

ਸੁਰਿੰਦਰ ਸੀਰਤ ਦੇ ਨਾਵਲ 'ਭਰਮ ਭੁੱਲਈਆਂ' ਦਾ ਦੂਜਾ ਅੰਕ ਲੋਕ ਅਰਪਣ ਕੀਤਾ ਜਾਵੇਗ। ਇਸ ਨਾਵਲ ਬਾਰੇ ਡਾ. ਮੋਹਨ ਤਿਆਗੀ ਅਤੇ ਡਾ. ਮਮਤਾ ਰਾਣੀ ਦੁਆਰਾ ਲਿਖੇ ਪਰਚੇ ਪੜ੍ਹੇ ਜਾਣਗੇ। ਸੁਰਿੰਦਰ ਸੀਰਤ ਰੂ ਬ ਰੂ (ਪਰਚਿਆਂ ਅਤੇ ਨਾਵਲ ਬਾਰੇ ਸਵਾਲ ਜਵਾਬ)

**ਰੰਗਾ ਰੰਗ ਕਵੀ ਦਰਬਾਰ**

ਚਾਹ-ਪਾਣੀ Golden India Cusine 4918 Paseo Padre Fremont CA, Ph. 510-745- 1000 ਵਲੋਂ ਉਨ੍ਹਾਂ ਦੀ ਗਰਾਂਡ ਓਪਨਿੰਗ ਮੌਕੇ ਸਪਾਂਸਰ ਕੀਤਾ ਜਾ ਰਿਹਾ ਹੈ। ਮਿਲਣੀ ਉਪਰੰਤ ਰੁਕਣ ਵਾਲਿਆਂ ਲਈ ਡਿਨਰ ਦਾ ਪ੍ਰਬੰਧ ਵੀ ਹੋਵੇਗਾ।

**ਵਧੇਰੇ ਜਾਣਕਾਰੀ ਲਈ ਸੰਪਰਕ:**

ਪ੍ਰਧਾਨ : ਸੁਰਿੰਦਰ ਸਿੰਘ ਸੀਰਤ 510-847-1698, ਜਨਰਲ ਸਕੱਤਰ: ਨੀਲਮ ਸੈਣੀ 510-502-0551, ਖਜਾਨਚੀ: ਤਾਰਾ ਸਿੰਘ ਸਾਗਰ 510-453-5779

**'ਦੇਸ਼ ਦੁਆਬਾ'**
**'ਅੰਬੇਦਕਰ ਟਾਈਮਜ਼'**
**ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:**
www.deshdoaba.com
www.ambedkartimes.org






# ਭਾਰਤੀ ਮੂਲ ਦੇ ਅਮਰੀਕੀ ਸਿੱਖ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ 17 ਸਾਲ ਦੀ ਜੇਲ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਅਮਰੀਕੀ ਅਦਾਲਤ ਨੇ ਭਾਰਤੀ ਮੂਲ ਦੇ ਇਕ ਅਮਰੀਕੀ ਸਿੱਖ ਦੀ ਹੱਤਿਆ ਦੇ ਮਾਮਲੇ ਵਿਚ ਹਮਿਲਟਨ, ਓਹੀਓ ਵਾਸੀ ਦੋਸ਼ੀ ਬਰੋਡਸਰਕ ਮਸਲਕ ਰਾਬਰਟ ਨੂੰ 17 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਪਹਿਲਾਂ ਰਾਬਰਟ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਰਾਬਰਟ ਨੇ 12 ਮਈ 2018 ਨੂੰ ਕਾਰ ਵਿਚ ਬੈਠੇ ਜਸਪਰੀਤ ਸਿੰਘ ਦੀ ਗੋ–ਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਉਸ ਦੇ ਸਰੀਰ ਦੇ ਉਪਰਲੇ ਹਿੱਸੇ ਵਿਚ ਗੋਲੀਆ ਂਵੱਜੀਆਂ ਸਨ। ਉਸ ਨੂੰ ਗੰਭੀਰ ਹਾਲਤ ਵਿਚ ਪਹਿਲਾਂ ਫੋਰਟ ਹਸਪਤਾਲ ਦਾਖਲ ਕਰਾਇਆ ਗਿਆ। ਬਾਅਦ ਵਿਚ ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਮੈਡੀਕਲ ਹੈਲੀਕਾਪਟਰ ਰਾਹੀਂ ਡੇਅਟਨ, ਓਹੀਓ ਹਸਪਤਾਲ ਲਿਜਾਇਆ ਗਿਆ ਜਿੱਥੇ 10 ਦਿਨਾਂ ਦੇ ਇਲਾਜ ਉਪਰੰਤ ਉਹ ਦਮ ਤੋੜ ਗਿਆ। 4 ਬੱਚਿਆਂ ਦੇ ਪਿਤਾ 32 ਸਾਲਾ ਜਸਪਰੀਤ ਸਿੰਘ ਦਾ ਪਿਛਲਾ ਪਿੰਡ ਨਡਾਲਾ (ਕਪੂਰਥਲਾ) ਹੈ।



# ਲਾਸ ਏਂਜਲਸ ਵੱਲੋਂ ਡਾ.ਅਮਰਜੀਤ ਸਿੰਘ ਮਰਵਾਹਾ ਦਾ ਹੋਵੇਗਾ ਸਨਮਾਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਦੱਖਣੀ ਕੈਲੇਫੋਰਨੀਆ ਇਤਿਹਾਸ ਬਾਰੇ ਸਟੂਡੀਓ ਨੇ ਦੰਦਾਂ ਦੇ ਡਾਕਟਰ ਅਮਰਜੀਤ ਸਿੰਘ ਮਰਵਾਹ ਨੂੰ ਲਾਸ ਏਂਜਲਸ ਇਤਿਹਾਸ ਖਾਸ ਕਰਕੇ ਸਿੱਖ ਭਾਈਚਾਰੇ ਲਈ ਪਾਏ ਯੋਗਦਾਨ ਸਦਕਾ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਹੈ। ਡਾ. ਮਰਵਾਹ ਬਾਲ ਤੇ ਦੰਦ ਚਕਿਤਸਾ ਸਬੰਧੀ ਪੜ੍ਹਾਈ ਕਰਨ ਵਾਸਤੇ ਸਕਾਲਰਸ਼ਿਪ 'ਤੇ 1953 ਵਿਚ ਨਿਊਯਾਰਕ (ਅਮਰੀਕਾ) ਆਏ ਸਨ। ਸਟੂਡੀਓ ਡਾਇਰੈਕਟਰ ਸ਼ੈਰੋਨ ਸੇਖੋਂ ਨੇ ਮਰਵਾਹ ਨੂੰ ਸਨਮਾਨ ਦੇਣ ਲਈ ਸਾਊਥ ਏਸ਼ੀਅਨ ਅਮਰੀਕਨ ਡਿਜੀਟਲ ਅਲਾਇੰਸ, ਹਾਲੀਵੁੱਡ ਗੁਰੂ ਘਰ ਤੇ ਕੌਂਸਲਮੈਨ ਡੇਵਿਡ ਰਿਊ ਨਾਲ ਮਿਲ ਕੇ ਫੈਸਲਾ ਲਿਆ ਹੈ।



# ਕੈਲੀਫੋਰਨੀਆ ਯੂਨੀਵਰਸਿਟੀ ਵਿਚ ਧੰਨ ਕੌਰ ਸਹੋਤਾ ਪ੍ਰੈਜੀਡੈਂਸ਼ੀਅਲ ਚੇਅਰ ਲਈ ਅਨੀਤ ਕੌਰ ਹੁੰਦਲ ਨਾਮਜ਼ਦ

**ਇਰਵਿਨ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਅਨੀਤ ਕੌਰ ਹੁੰਦਲ ਨੂੰ ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿਚ ਸਿੱਖ ਸਟੱਡੀਜ਼ ਸਬੰਧੀ ਧੰਨ ਕੌਰ ਸਹੋਤਾ ਪ੍ਰੈਜੀਡੈਂਸ਼ੀਅਲ ਚੇਅਰ ਲਈ ਨਾਮਜ਼ਦ ਕੀਤਾ ਹੈ। ਇਸ ਚੇਅਰ ਦੀ ਸਥਾਪਨਾ 2017 ਵਿਚ ਕੀਤੀ ਗਈ ਸੀ, ਜਿਸ ਵਿਚ ਡਾ. ਹਰਵਿੰਦਰ ਸਹੋਤਾ ਤੇ ਆਸ਼ਾ ਸਹੋਤਾ ਨੇ ਵਿਸ਼ੇਸ਼ ਯੋਗਦਾਨ ਪਾਇਆ ਸੀ। ਦਿਲ ਦੇ ਰੋਗਾਂ ਦੇ ਮਾਹਿਰ ਡਾ. ਹਰਵਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਇਸ ਚੇਅਰ ਦੀ ਸਥਾਪਨਾ ਨਾਲ ਅਸੀਂ ਆਸ ਕਰਦੇ ਹਾਂ ਕਿ ਯੂ. ਸੀ. ਆਈ. ਕਮਿਊਨਿਟੀ ਸਿੱਖ ਧਰਮ ਸਭਿਆਚਾਰ ਬਾਰੇ ਗਹਿਰਾਈ ਨਾਲ ਸਮਝ ਸਕੇਗੀ। ਸਿੱਖਾਂ ਵੱਲੋਂ ਸਿੱਖ ਇਤਿਹਾਸ ਤੇ ਅਮਰੀਕੀ ਸਮਾਜ ਵਿਚ ਪਾਏ ਯੋਗਦਾਨ ਬਾਰੇ ਜਾਣ ਸਕੇਗੀ। ਉਹਨਾਂ ਕਿਹਾ ਕਿ ਅਸੀਂ ਵਿਸ਼ੇਸ਼ ਤੌਰ 'ਤੇ ਇਸ ਗੱਲ ਨੂੰ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਯੂ. ਸੀ. ਆਈ. ਵਿਦਿਆਰਥੀ ਬਰਾਬਰਤਾ ਤੇ ਸਮਾਜਿਕ ਨਿਆਂ ਬਾਰੇ ਧਰਮ ਦੀ ਪ੍ਰਤੀਬੱਧਤਾ ਬਾਰੇ ਜਾਗਰੂਕ ਹੋਣ।



# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਯੂਬਾ ਸਿਟੀ ਦੀ ਮੀਟਿੰਗ

**ਸੈਕਰਾਮੈਂਟੋ–** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਯੂਬਾ ਸਿਟੀ ਦੀ ਮੀਟਿੰਗ 27 ਦਸੰਬਰ ਦਿਨ ਐਤਵਾਰ ਨੂੰ ਆਬਰਨ ਬੁਲੇਵਡ ਮਾਊਨਟੇਨ ਮਾਈਕ ਪੀਜ਼ਾ ਤੇ ਸੈਕਰਾਮੈਂਟੋ ਵਿਖੇ ਹੋਈ।ਸਭਾ ਦੇ ਪ੍ਰਧਾਨ ਜਸਵੰਤ ਜੱਸੀ ਸ਼ੀਮਾਰ ਨੇ ਸਾਰੇ ਮੈਂਬਰ ਸਾਹਿਬਾਨ ਨੂੰ ਜੀ ਆਇਆਂ ਕਿਹਾ ਅਤੇ ਧੰਨਵਾਦ ਕੀਤਾ ਅਤੇ ਸਾਹਿਤਕਾਰ ਸਾਥੀ ਲੁਧਿਆਣਵੀ ਅਤੇ ਉਘੇ ਸਵਰਗਵਾਸੀ ਲਾਹੌਰੀ ਰਾਮ ਜੀ ਦੀ ਪੁੱਤਰੀ ਜੈਕੀ ਰਾਮ ਦਾ ਭਰ ਜਵਾਨੀ ਵਿਚ ਅਚਾਨਕ ਸਦੀਵੀ ਵਿਛੋੜਾ ਦੇ ਜਾਣ ਤੇ ਆਤਮਿਕ ਸ਼ਾਤੀ ਲਈ ਦੋ ਮਿੰਟ ਦਾ ਮੋਨ ਧਾਰਨ ਕੀਤਾ। ਇਸ ਪਿੱਛੋਂ 28 ਅਪ੍ਰੈਲ ਦਿਨ ਐਤਵਾਰ ਨੂੰ ਕਰਵਾਈ ਜਾ ਰਹੀ ਕਾਨਫਰੰਸ ਵਾਰੇ ਵਿਚਾਰਾਂ ਕੀਤੀਆਂ ਗਈਆਂ। ਪੀਜ਼ਾ ਬਰੇਕ ਤੋਂ ਪਿੱਛੋਂ ਸਕੱਤਰ ਪਰਮਿੰਦਰ ਰਾਏ ਖਾਨਖਾਨਾ ਨੇ ਕਵੀ ਦਰਬਾਰ ਦਾ ਆਗਾਜ਼ ਕੀਤਾ।ਕਵੀ ਦਰਬਾਰ ਵਿਚ ਜਿਹਨਾਂ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ ਸ਼ਾਮ ਲਾਲ, ਹਰਭਜਨ ਢੇਰੀ, ਹਰਬੰਸ ਜਗਿਆਸੂ, ਰਾਠੇਸ਼ਵਰ ਸੂਰਾਪੁਰੀ, ਜਸਵੰਤ ਜੱਸੀ ਸ਼ੀਮਾਰ, ਮਹਿੰਦਰ ਘੱਗ, ਇੰਦਰਜੀਤ ਗਰੇਵਾਲ,ਬਿੱਕਰ ਕੰਮੇਆਣਾ, ਇਕਵਿੰਦਰ ਢੱਟ, ਪਰਮਿੰਦਰ ਖਾਨਖਾਨਾਂ, ਸੁਰਿੰਦਰ ਸਿੰਘ ।

ਸੋਵੀਨਾਰ ਲਈ ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਲਿਖੇ ਫੋਨ ਨੰਬਰਾਂ ਤੇ ਸੰਪਰਕ ਕਰੋ:

ਹਰਬੰਸ ਜਗਿਆਸੂ 530-933-2204
ਜਸਵੰਤ ਜੱਸੀ ਸ਼ੀਮਾਰ 916-293-6030
ਮਨਜੀਤ ਸੇਖੋਂ 916-690-2379
ਜਸਵੰਤ ਜੱਸੀ ਸ਼ੀਮਾਰ ਸੈਕਰਾਮੈਂਟੋ ਕੈਲੀਫੋਰਨੀਆ
9162936030
Jaswantsheemar@yahoo[com

# ਪੰਜਾਬ ਦੀਆਂ ਵਾਲਮੀਕਿ ਜੱਥੇਬੰਦੀਆਂ ਨੇ ਕੁਮਾਰੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਦਿੱਤਾ ਸਮਰਥਨ

## ਵਾਲਮੀਕਿ ਮਜ਼ੂਬੀ ਭਾਈਚਾਰੇ, ਧਾਰਮਿਕ ਤੇ ਸਮਾਜਿਕ ਜੱਥੇਬੰਦੀਆਂ ਨੇ ਮਹਾ ਪੰਚਾਇਤ ਬੁਲਾ ਕੇ ਕੀਤਾ ਸਮਰਥਨ ਦਾ ਐਲਾਨ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਨੂੰ ਪੰਜਾਬ ਭਰ ਵਿੱਚੋਂ ਭਾਰੀ ਜਨਸਮਰਥਨ ਮਿਲ ਰਿਹਾ ਹੈ। ਇਸਦੇ ਨਾਲ-ਨਾਲ ਬਸਪਾ ਮੁਖੀ ਭੈਣ ਕੁਮਾਰੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਵੀ ਵੱਖ-ਵੱਖ ਪਾਰਟੀਆਂ ਦੇ ਨੁਮਾਇੰਦੇ ਤੇ ਜੱਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਸਮਰਥਨ ਮਿਲ ਰਿਹਾ ਹੈ। ਇਸੇ ਲੜੀ ਤਹਿਤ ਪੰਜਾਬ ਦੀਆਂ ਵਾਲਮੀਕਿ ਤੇ ਸਮਾਜਿਕ ਜੱਥੇਬੰਦੀਆਂ ਨੇ ਭੈਣ ਕੁਮਾਰੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਆਪਣਾ ਸਮਰਥਨ ਦੇ ਦਿੱਤਾ ਹੈ। ਭਾਰਤੀਆ ਵਾਲਮੀਕਿ ਸ਼ਕਤੀ ਲਵ-ਕੁਸ਼ ਦਲ ਵਾਲਮੀਕਿ ਆਸ਼ਰਮ (ਰਾਮ ਤੀਰਥ), ਅੰਮ੍ਰਿਤਸਰ ਦੇ ਮੁੱਖ ਸੰਚਾਲਕ ਜੱਥੇਦਾਰ ਸੰਤ ਬਾਬਾ ਬਲਦੇਵ ਸਿੰਘ ਜੀ ਆਦੀਵਾਸੀ ਵੱਲੋਂ ਸਮੂਹ ਵਾਲਮੀਕਿ ਤੇ ਸਮਾਜਿਕ ਜੱਥੇਬੰਦੀਆਂ ਦੇ ਸਮਰਥਨ ਵਾਲਾ ਇੱਕ ਪੱਤਰ ਜਾਰੀ ਕਰਦੇ ਹੋਏ ਇਹ ਐਲਾਨ ਕੀਤਾ ਗਿਆ ਹੈ। ਮੁੱਖ ਸੇਵਾਦਾਰ ਜੱਥੇਦਾਰ ਸੰਤ ਬਾਬਾ ਬਲਦੇਵ ਸਿੰਘ ਜੀ ਆਦੀਵਾਸੀ ਦੀ ਰਹਿਨੁਮਾਈ ਹੇਠ ਇੱਕ ਵਿਸ਼ਾਲ ਮਹਾ ਪੰਚਾਇਤ ਅੰਮ੍ਰਿਤਸਰ ਵਿੱਚ ਸੱਦੀ ਗਈ। ਇਸ ਵਿੱਚ ਦਲ, ਪੰਥ, ਸਭਾ, ਕਮੇਟੀਆਂ, ਸੰਸਥਾਵਾਂ ਪੰਜਾਬ ਅਤੇ ਭਾਰਤ ਵਿੱਚ ਵਾਲਮੀਕਿ ਮਜ਼ਬੀ ਭਾਈਚਾਰੇ ਪਾਸੋਂ ਧਾਰਮਿਕ ਅਤੇ ਸਮਾਜਿਕ ਕੰਮ ਕਰ ਰਹੀਆਂ ਜੱਥੇਬੰਦੀਆਂ ਨੂੰ ਬੁਲਾਇਆ ਗਿਆ। ਇਸ ਦੌਰਾਨ ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ਬਣਾਉਣ ਲਈ ਬਸਪਾ ਮੁਖੀ ਭੈਣ ਕੁਮਾਰੀ ਮਾਇਆਵਤੀ ਨੂੰ ਸਮਰਥਨ ਕਰਨ ਦਾ ਐਲਾਨ ਕੀਤਾ ਗਿਆ। ਇਸ ਮਹਾ ਪੰਚਾਇਤ ਵਿੱਚ ਅੰਮ੍ਰਿਤ ਦਾਤਾ ਵੈਲਫੇਅਰ ਸੋਸਾਇਟੀ ਰਜਿ. ਪੰਜਾਬ, ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਵੈਲਫੇਅਰ ਸੋਸਾਇਟੀ ਰਜਿ., ਅਨਾਜ ਮੰਡੀ ਮਜ਼ਦੂਰ ਯੂਨੀਅਨ ਰਜਿ. ਪੰਜਾਬ, ਐਫਸੀਆਈ ਲੇਬਰ ਯੂਨੀਅਨ, ਫੂਡ ਐਂਡ ਲਾਈਟ ਲੇਬਰ ਯੂਨੀਅਨ, ਕੇਂਦਰੀ ਵਾਲਮੀਕਿ ਮੰਦਰ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਵਾਲਮੀਕਿ ਮੰਦਰ ਅਤੇ ਧਰਮਸ਼ਾਲਾ ਰਜਿ., ਸ਼੍ਰੋਮਣੀ ਅਕਾਲੀ ਬਾਬਾ ਜੀਵਨ ਸਿੰਘ 96 ਕਰੋੜੀ ਦਲ ਚੱਲਦਾ ਚੱਕਰਵਤੀ, ਯੂਥ ਵਾਲਮੀਕਿ ਫੈਡਰੇਸ਼ਨ, ਨਾਰੀ ਅਧਿਕਾਰ ਸੁਰੱਖਿਆ ਕਮੇਟੀ ਰਜਿ., ਸ੍ਰਿਸ਼ਟੀਕਰਤਾ ਵਾਲਮੀਕਿ ਸ਼ਕਤੀ ਸੈਨਾ, ਨੰਨੀ ਛਾਂ ਵੈਲਫੇਅਰ ਸੋਸਾਇਟੀ ਰਜਿ. ਫਿਰੋਜ਼ਪੁਰ, ਸੰਵਿਧਾਨ ਬਚਾਓ ਸੰਘਰਸ਼ ਮੋਰਚਾ, ਭਾਰਤੀ ਵਾਲਮੀਕਿ ਧਰਮ ਸਮਾਜ (ਭਾਵਾਧਸ) ਰਜਿ. ਭਾਰਤ, ਆਦਿ ਧਰਮ ਸਮਾਜ (ਆਧਸ) ਰਜਿ. ਭਾਰਤ, ਏਕ ਨੂਰ ਖਾਲਸਾ ਫੌਜ, ਆਲ ਇੰਡੀਆ ਰੰਗਰੇਟਾ ਦਲ, ਸਤਿਗੁਰੂ ਗਿਆਨ ਨਾਥ ਆਸ਼ਰਮ (ਰਾਮ ਤੀਰਥ) ਅੰਮ੍ਰਿਤਸਰ, ਡਾ. ਬੀ. ਆਰ. ਅੰਬੇਡਕਰ ਪ੍ਰਵਾਸੀ ਸਭਾ ਫਿਰੋਜ਼ਪੁਰ, ਦਸ਼ਮੇਸ਼ ਅਕਾਲੀ ਤਰਨਾ ਦਲ ਸਮੇਤ ਹੋਰ ਕਈ ਜੱਥੇਬੰਦੀਆਂ ਸ਼ਾਮਲ ਹੋਈਆਂ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com


# BSP Supporters USA ਦੀ ਮੀਟਿੰਗ 9 ਫਰਵਰੀ ਨੂੰ





BSP Supporters USA ਵਲੋਂ 2019 ਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਮੀਟਿੰਗ ਮਿਤੀ 9 ਫਰਵਰੀ 2019 ਦਿਨ ਸ਼ਨੀਵਾਰ ਨੂੰ 3pm Shri Guru Ravidass Gurughar 5025 S. Cherry Ave Fresno CA 93706 ਵਿਖੇ ਰੱਖੀ ਗਈ ਹੈ. ਜਿਸ ਵਿੱਚ ਮਿਸ਼ਨ 2019 ਤਹਿਤ ਬਹੁਜਨ ਸਮਾਜ ਪਾਰਟੀ ਦੀ ਚੜਦੀ ਕਲਾ ਵਾਸਤੇ ਵਿਚਾਰਾਂ ਕੀਤੀਆਂ ਜਾਣਗੀਆਂ. ਸਾਰੇ ਬਹੁਜਨ ਸਮਾਜ ਦੇ ਯੋਧਿਆਂ ਨੂੰ ਸਮੇਂ ਸਿਰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

**ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:**
ਹਰਬਲਾਸ ਸਿੰਘ ਝਿੰਗੜ (559) 334 1959, ਮੱਖਣ ਲੋਹਾਰ (916) 613-0577, ਪਲਵਿੰਦਰ ਮਾਹੀ (530) 237-7084, ਅਮਰ ਦੜੋਚ (559) 905-6217

ਦੇਸ਼ ਦੁਆਬਾ

# ਭਾਜਪਾ ਅਤੇ ਮਮਤਾ ਦੀ ਖਿੱਚੋਤਾਣ

ਪੱਛਮੀ ਬੰਗਾਲ ਦੇ ਹਜ਼ਾਰਾਂ ਕਰੋੜ ਦੇ ਘੁਟਾਲੇ ਦੀ ਜਾਂਚ ਵਿਚ ਸੀ. ਬੀ. ਆਈ. ਦੀ ਭੂਮਿਕਾ ਨੂੰ ਲੈ ਕੇ ਪੱਛਮੀ ਬੰਗਾਲ ਸਰਕਾਰ ਅਤੇ ਕੇਂਦਰ ਸਰਕਾਰ ਵਿਚਕਾਰ ਕੋਲਕਾਤਾ ਤੋਂ ਲੈ ਕੇ ਦਿੱਲੀ ਤੱਕ ਖਿੱਚੋਤਾਣ ਵਧੀ, ਉਹ ਸ਼ਰਮਸਾਰ ਕਰਨ ਵਾਲੀ ਗੱਲ ਹੈ। ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕੋਲਕਾਤਾ ਪੁਲਿਸ ਕਮਿਸ਼ਨਰ ਦੀ ਗ੍ਰਿਫਤਾਰੀ 'ਤੇ ਤਾਂ ਰੋਕ ਲਗਾ ਦਿੱਤੀ ਹੈ ਪਰ ਉਸ ਨੂੰ ਸੀ. ਬੀ. ਆਈ. ਮੂਹਰੇ ਪੇਸ਼ ਹੋਣ ਦੀ ਹਦਾਇਤ ਜਾਰੀ ਕੀਤੀ ਹੈ। ਘਪਲਿਆਂ-ਘੁਟਾਲਿਆਂ ਵਿਚ ਸੀ. ਬੀ. ਆਈ. ਜਾਂਚ ਨੂੰ ਲੈ ਕੇ ਵੱਖ-ਵੱਖ ਸਟੇਟ ਸਰਕਾਰਾਂ ਨੇ ਪਹਿਲਾਂ ਵੀ ਇਤਰਾਜ਼ ਪ੍ਰਗਟ ਕੀਤਾ ਹੈ ਪਰ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਕਿਸੇ ਸੂਬਾ ਸਰਕਾਰ ਨੇ ਆਪਣੀ ਪੁਲਿਸ ਦੀ ਵਰਤੋਂ ਸੀ. ਬੀ. ਆਈ. ਅਧਿਕਾਰੀਆਂ ਨੂੰ ਬੰਦੀ ਬਣਾਉਣ ਲਈ ਕੀਤੀ ਹੋਵੇ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਨਾ ਸਿਰਫ ਅਜਿਹਾ ਕੀਤਾ ਬਲਕਿ ਪੂਰੇ ਮਾਮਲੇ ਨੂੰ ਸਿਆਸੀ ਰੰਗ ਦੇਣ ਲਈ ਧਰਨਾ ਵੀ ਲਗਾਇਆ। ਇਸ ਤੋਂ ਵੀ ਮਾੜੀ ਗੱਲ ਇਹ ਹੋਈ ਕਿ ਇਸ ਧਰਨੇ ਵਿਚ ਕੋਲਕਾਤਾ ਦੇ ਉਹ ਪੁਲਿਸ ਕਮਿਸ਼ਨਰ ਵੀ ਸ਼ਾਮਲ ਹੋਏ, ਜਿਹਨਾਂ ਤੋਂ ਸੀ. ਬੀ. ਆਈ. ਨੇ ਪੁੱਛਗਿੱਛ ਕਰਨੀ ਹੈ। ਸਮਝ ਤੋਂ ਦੂਰ ਦੀ ਗੱਲ ਹੈ ਕਿ ਇਕ ਪੁਲਿਸ ਕਮਿਸ਼ਨਰ ਕਿਉਂ ਸਿਆਸਤਦਾਨਾਂ ਵਿਚਕਾਰ ਆ ਕੇ ਧਰਨੇ ਤੇ ਬੈਠਦਾ ਹੈ? ਭਾਰਤ ਵਿਚ ਪੁਲਿਸ, ਕੇਂਦਰੀ ਪੁਲਿਸ ਅਤੇ ਜਾਂਚ ਏਜੰਸੀਆਂ ਦੀ ਅਲੱਗ-ਅਲੱਗ ਭੂਮਿਕਾ ਹੈ। ਫੈਡਰਲ ਢਾਂਚੇ ਵਿਚ ਸਟੇਟ ਸਰਕਾਰ ਅਤੇ ਕੇਂਦਰ ਸਰਕਾਰ ਵਿਚਕਾਰ ਸ਼ਕਤੀਆਂ ਦੀ ਵੰਡ ਸੰਵਿਧਾਨ ਵਿਚ ਕੀਤੀ ਹੋਈ ਹੈ ਅਤੇ ਕੁਝ ਵਿਸ਼ੇ ਅਜਿਹੇ ਹਨ, ਜਿਹਨਾਂ ਤੇ ਸਟੇਟ ਅਤੇ ਕੇਂਦਰ ਸਰਕਾਰ ਦੋਵਾਂ ਨੂੰ ਕਾਨੂੰਨ ਬਣਾਉਣ ਦਾ ਹੱਕ ਹੈ। ਸੀ. ਬੀ. ਆਈ. ਕੇਂਦਰ ਦੀ ਜਾਂਚ ਏਜੰਸੀ ਹੈ। ਇਸ ਏਜੰਸੀ ਨੂੰ ਸੂਬਾ ਸਰਕਾਰਾਂ ਖੁਦ ਜਾਂਚ ਲਈ ਕਹਿ ਸਕਦੀਆਂ ਹਨ, ਕੇਂਦਰ ਸਰਕਾਰ ਕੇਂਦਰੀ ਵਿਸ਼ਿਆਂ ਤੇ ਜਾਂਚ ਲਈ ਕਹਿ ਸਕਦੀ ਹੈ ਅਤੇ ਨਿਆਂਪਾਲਿਕਾ ਵੀ ਸੀ. ਬੀ. ਆਈ. ਨੂੰ ਨਿਰਦੇਸ਼ ਦੇ ਸਕਦੀ ਹੈ ਕਿ ਕਿਸੇ ਵਿਸ਼ੇਸ਼ ਮਾਮਲੇ ਦੀ ਜਾਂਚ ਕਰਕੇ ਰਿਪੋਰਟ ਦਿੱਤੀ ਜਾਵੇ। ਜਿੱਥੋਂ ਤੱਕ ਤਾਜ਼ਾ ਮਾਮਲੇ ਦਾ ਸਬੰਧ ਹੈ, ਇਹ ਹਜ਼ਾਰਾਂ ਕਰੋੜ ਦੇ ਸ਼ਾਰਦਾ ਚਿੱਟ ਫੰਡ ਘੁਟਾਲੇ ਨਾਲ ਜੁੜਿਆ ਹੈ, ਜਿਸ ਦਾ ਸੇਕ ਸਿੱਧਾ ਪੱਛਮੀ ਬੰਗਾਲ ਦੀ ਮੌਜੂਦਾ ਸਰਕਾਰ ਵੱਲ ਜਾਂਦਾ ਹੈ। ਸ਼ਾਇਦ ਮਮਤਾ ਬੈਨਰਜੀ ਇਸ ਗੱਲ ਨੂੰ ਸਮਝ ਰਹੀ ਹੈ ਕਿਉਂਕਿ ਚੋਣਾਂ ਦੇ ਵਕਤ ਜੇਕਰ ਸੀ. ਬੀ. ਆਈ. ਪੱਛਮੀ ਬੰਗਾਲ ਦੇ ਪੁਲਿਸ ਅਤੇ ਦੂਜੇ ਅਧਿਕਾਰੀਆਂ ਨੂੰ ਚਾਰਜਸ਼ੀਟ ਕਰਦੀ ਹੈ ਤਾਂ ਟੀ. ਐਮ. ਸੀ. ਤੇ ਬਹੁਤ ਮਾੜਾ ਅਸਰ ਹੋਵੇਗਾ। ਪਰ ਇਹ ਸਿਆਸੀ ਫਾਇਦੇ-ਨੁਕਸਾਨ ਦੀਆਂ ਗੱਲਾਂ ਹਨ। ਅਸਲ ਵਿਚ ਅਜਿਹਾ ਕਰਨਾ ਵਿਰੋਧੀਆਂ ਨੂੰ ਫਾਇਦਾ ਪਹੁੰਚਾਉਣ ਵਾਲੀ ਗੱਲ ਹੋ ਜਾਂਦੀ ਹੈ। ਜੇਕਰ ਸੀ. ਬੀ. ਆਈ. ਪੁਲਿਸ ਕਮਿਸ਼ਨਰ ਤੋਂ ਪੁੱਛਗਿੱਛ ਕਰਨਾ ਚਾਹੁੰਦੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਕੋਈ ਦੋਸ਼ੀ ਬਣ ਜਾਂਦਾ ਹੈ, ਬਲਕਿ ਜੇਕਰ ਸਬੂਤ ਮਿਲਦੇ ਹਨ ਤਾਂ ਹੀ ਕਿਸੇ ਨੂੰ ਚਾਰਜਸ਼ੀਟ ਕੀਤਾ ਜਾ ਸਕਦਾ ਹੈ।

ਭਾਰਤ ਵਿਚ ਅੱਜ ਭ੍ਰਿਸ਼ਟਾਚਾਰ ਬਹੁਤ ਵੱਡਾ ਮੁੱਦਾ ਹੈ। ਇਸ ਮੁੱਦੇ ਲਈ ਭਾਰਤ ਦੀ ਜਨਤਾ ਪੂਰੀ ਤਨਦੇਹੀ ਨਾਲ ਚੌਕੰਨੀ ਹੋ ਕੇ ਖੜ੍ਹੀ ਹੈ। ਸ਼ਾਰਦਾ ਚਿੱਟ ਫੰਡ ਘੁਟਾਲਾ ਵੀ ਅਜਿਹਾ ਹੀ ਘੁਟਾਲਾ ਹੈ, ਜਿਸ ਵਿਚ ਲੱਖਾਂ ਗਰੀਬ ਲੋਕਾਂ ਦੇ ਹਜ਼ਾਰਾਂ ਕਰੋੜ ਰੁਪਏ ਡਕਾਰ ਲਏ ਗਏ ਹਨ। ਇਸ ਕਰਕੇ ਅਜਿਹੇ ਘੁਟਾਲਿਆਂ ਦੀ ਜਾਂਚ ਵਿਚ ਅੜਿੱਕਾ ਪਾਉਣਾ ਸਿਆਸੀ ਤੌਰ ਤੇ ਨੁਕਸਾਨਦੇਹ ਹੀ ਸਾਬਤ ਹੋਵੇਗਾ। ਮਮਤਾ ਬੈਨਰਜੀ ਨੂੰ ਵੀ ਚਾਹੀਦਾ ਹੈ ਕਿ ਜੇਕਰ ਉਹ ਨੂੰ ਸੀ. ਬੀ. ਆਈ. ਦੇ ਤੌਰ-ਤਰੀਕਿਆਂ ਤੇ ਇਤਰਾਜ਼ ਹੈ ਤਾਂ ਉਹ ਸਿੱਧੀ ਸੁਪਰੀਮ ਕੋਰਟ ਪਹੁੰਚ ਕਰ ਸਕਦੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-93

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਖਿਧੋਲੜੇ ਫੈਸ਼ਨ ਬਾਰੇ



ਅਵਤਾਰ ਸਿੰਘ ਮਿਸ਼ਨਰੀ
510-432-5827

ਇਸ ਲਫਜ਼ ਦਾ ਪਿਛੋਕੜ ਵੀ ਖਿੰਥਾ ਨਾਲ ਜੁੜਦਾ ਹੈ। "ਖਿਧੋਲੜਾ" ਭਾਵ ਕਾਲਾ, ਚੋਲਾ, ਜੁੱਲਾ। ਭਾਈ ਕਾਨ੍ਹ ਸਿੰਘ ਨਾਭ੍ਹਾ ਲਿਖਦੇ ਹਨ ਕਿ ਪ੍ਰਾਚੀਨ ਗਿਆਨੀਆਂ ਅਨੁਸਾਰ ਮੁਗਲਰਾਜ ਸਮੇ ਸਿਆਹ (ਕਾਲੇ) ਰੰਗ ਦੇ ਚੋਲੇ, ਪਿੰਡਾਂ ਦੀਆਂ ਪੰਚਾਇਤੀ ਧਰਮਸਾਲਾਂ ਵਿੱਚ ਰੱਖੇ ਹੁੰਦੇ ਸਨ। ਜੋ ਹਾਕਮ ਪਾਸ ਸ਼ਕਾਇਤਾ ਕਰਨੀ ਚਾਹੁੰਦਾ ਉਹ ਇਹ ਖਿਧੋਲੜਾ (ਚੋਲਾ) ਪਹਿਨਕੇ ਜਾਂਦਾ ਤਾਂ ਹਾਕਮ ਉਸ ਦੇ ਇਸ ਲਿਬਾਸ ਤੋਂ ਹੀ ਉਸ ਦਾ ਭਾਵ ਸਮਝ ਲੈਂਦਾ। ਇਹ ਚੋਲੇ ਬਹੁਤਿਆਂ ਦੇ ਵਰਤੇ ਜਾਣ ਕਰਕੇ ਮੈਲੇ ਅਤੇ ਜੂੰਆਂ ਨਾਲ ਭਰੇ ਹੋਇਆ ਕਰਦੇ ਸਨ-ਸਲੋਕ ਮਃ੪॥ ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥ ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ॥

ਮਲ ਤੇ ਜੂਆਂ ਨਾਲ ਭਰਿਆ ਹੋਇਆ ਨੀਲਾ ਤੇ ਕਾਲਾ ਜੁੱਲਾ, ਉਸ ਬੇ-ਮੁਖ ਨੇ ਬੇ-ਮੁਖ ਨੂੰ ਪਾ ਦਿੱਤਾ, ਸੰਸਾਰ ਵਿੱਚ ਉਸ ਨੂੰ ਕੋਈ ਕੋਲ ਬਹਿਣ ਨਹੀਂ ਦੇਂਦਾ, ਗੰਦ ਪੈ ਕੇ ਸਗੋਂ ਬਹੁਤੀ ਮੈਲ ਲਾ ਕੇ ਮਨਮੁਖ ਵਾਪਸ ਆਇਆ।

ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ॥ ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ॥

ਜੋ ਮਨਮੁਖ ਪਰਾਈ ਨਿੰਦਾ ਤੇ ਚੁਗਲੀ ਕਰਨ ਲਈ, ਸਾਲਾਹ ਕਰ ਕੇ ਭੇਜਿਆ ਗਿਆ ਸੀ ਉਥੇ ਭੀ ਦੋਹਾਂ ਦਾ ਮੂੰਹ ਕਾਲਾ ਕੀਤਾ ਗਿਆ। ਸੰਸਾਰ ਵਿੱਚ ਸਭਨੀ ਪਾਸੀਂ ਤੁਰਤ ਸੁਣਿਆ ਗਿਆ ਕਿ ਹੇ ਭਾਈ! ਬੇਮੁਖ ਨੂੰ ਨੌਕਰ ਸਮੇਤ ਜੁੱਤੀਆਂ ਪਈਆਂ ਤੇ ਚੰਗਾ ਹੌਲਾ ਹੋ ਕੇ ਘਰ ਨੂੰ ਉੱਠ ਆਇਆ ਹੈ।

ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ॥ ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ॥

ਅੱਗੋਂ ਸੰਗਤਾਂ ਤੇ ਕੁੜਮਾਂ ਅੰਗਾਂ ਸਾਕਾਂ ਵਿੱਚ ਬੇਮੁਖ ਨੂੰ ਬਹਿਣਾ ਨਾ ਮਿਲੇ ਤਾਂ ਫਿਰ ਵਹੁਟੀ ਤੇ ਭਤੀਜਿਆਂ ਨੇ ਲਿਆ ਕੇ ਘਰ ਵਿੱਚ ਟਿਕਾਣਾ ਦਿੱਤਾ। ਉਸ ਦੇ ਲੋਕ ਪ੍ਰਲੋਕ ਦੋਵੇਂ ਅਜਾਈਂ ਗਏ ਤੇ ਹੁਣ ਭੁੱਖਾ ਤੇ ਤਿਹਾਇਆ ਕੂਕਦਾ ਹੈ।

ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ॥ ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ॥੧॥

ਧੰਨ ਸਿਰਜਣਹਾਰ ਮਾਲਕ ਜਿਸ ਨੇ ਆਪ ਗਹੁ ਨਾਲ ਸੱਚਾ ਨਿਆਉਂ ਕਰਾਇਆ ਕਿ ਜੋ ਮਨੁੱਖ ਪੂਰੇ ਸਤਿਗੁਰੂ ਦੀ ਨਿੰਦਾ ਕਰਦੈ ਸੱਚਾ ਪ੍ਰਭੂ ਉਸ ਨੂੰ ਆਪ ਆਤਮਕ ਮੌਤ ਮਾਰ ਕੇ ਦੁਖੀ ਕਰਦਾ ਹੈ। "ਇਹ" ਨਿਆਂ ਦਾ ਬਚਨ ਉਸ ਪ੍ਰਭੂ ਨੇ ਆਪ ਆਖਿਆ ਜਿਸ ਨੇ ਸਾਰਾ ਸੰਸਾਰ ਪੈਦਾ ਕੀਤਾ ਹੈ।

ਮਃ ੪॥ ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ॥ ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ॥

ਜਿਸ ਨੌਕਰ ਦਾ ਮਾਲਕ ਕੰਗਾਲ ਹੋਵੇ, ਉਸ ਦੇ ਨੌਕਰ ਨੇ ਕਿੱਥੋਂ ਰੱਜ ਕੇ ਖਾਣਾ ਹੋਇਆ? ਨੌਕਰ ਨੂੰ ਉਹੋ ਵਸਤ ਮਿਲ ਸਕਦੀ ਹੈ ਜੋ ਮਾਲਕ ਦੇ ਘਰ 'ਚ ਹੋਵੇ, ਜੇ ਘਰ ਵਿੱਚ ਹੀ ਨਾ ਹੋਵੇ ਤਾਂ ਉਸ ਨੂੰ ਕਿੱਥੋਂ ਮਿਲੇ?

ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ॥ ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ॥੨॥

ਜਿਸ ਦੀ ਸੇਵਾ ਕੀਤਿਆਂ ਫਿਰ ਭੀ ਲੇਖਾ ਮੰਗਿਆ ਜਾਣਾ ਹੋਵੇ, ਉਹ ਸੇਵਾ ਮੁਸ਼ਕਲ ਹੈ। ਭਾਵ ਉਹਦੇ ਕਰਨ ਦਾ ਕੀ ਲਾਭ ਹੈ? ਹੇ ਨਾਨਕ! ਜਿਸ ਹਰੀ ਤੇ ਸਤਿਗੁਰੂ ਦਾ ਦਰਸ਼ਨ "ਮਨੁੱਖਾ ਜਨਮ" ਨੂੰ ਸਫਲਾ ਕਰਦੈ ਉਨ੍ਹਾਂ ਦੀ ਸੇਵਾ ਕਰੋ ਤਾਂ ਕਿ ਫਿਰ ਕੋਈ ਲੇਖਾ ਨਾ ਮੰਗੇ।


ਪਉੜੀ॥ ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥ ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ॥ ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥ ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ॥ ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ॥ ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ॥ ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ॥ ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥ ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ॥੧੨॥

ਹੇ ਨਾਨਕ! ਸਤਸੰਗੀ ਆਪਣੀ ਵੀਚਾਰ ਦੱਸਦੇ ਨੇ ਤੇ ਚਾਰੇ ਵੇਦ ਭਾਵ ਪੁਰਾਤਨ ਧਰਮ ਪੁਸਤਕ ਭੀ ਇਹੀ ਗੱਲ ਆਖਦੇ ਹਨ ਕਿ ਭਗਤ ਜਨ ਜੋ ਬਚਨ ਮੂੰਹੋਂ ਬੋਲਦੇ ਨੇ, ਉਹ ਸਹੀ ਹੁੰਦੇ ਹਨ। ਭਗਤ ਸਾਰੇ ਜਗਤ ਵਿੱਚ ਉੱਘੇ ਹੋ ਜਾਂਦੇ ਤੇ ਉਨ੍ਹਾਂ ਦੀ ਸੋਭਾ ਸਾਰੇ ਲੋਕ ਸੁਣਦੇ ਹਨ। ਜੋ ਮੂਰਖ ਮਨੁੱਖ ਅਜਿਹੇ ਸਤਸੰਗੀਆਂ ਨਾਲ ਵੈਰ ਕਰਦੇ ਨੇ ਉਹ ਸੁਖ ਨਹੀਂ ਪਾਂਦੇ, ਉਹ ਦੋਖੀ ਸੜਦੇ ਤਾਂ ਅਹੰਕਾਰ ਵਿੱਚ ਨੇ ਤੇ ਭਾਲਦੇ ਗੁਰਮੁਖਾਂ ਵਾਲੇ ਗੁਣਾ ਹਨ। ਇਨ੍ਹਾਂ ਦੋਖੀ ਮਨੁੱਖਾਂ ਦੇ ਵੱਸ ਭੀ ਕੀਹ ਹੈ? ਮੁੱਢ ਤੋਂ ਮੰਦੇ ਕਰਮ ਕਰਨ ਕਰਕੇ ਮੰਦੇ ਸੰਸਕਾਰ ਹੀ ਉਨ੍ਹਾਂ ਦਾ ਭਾਗ ਤੇ ਇਨ੍ਹਾਂ ਸੰਸਕਾਰਾਂ ਦੇ ਪ੍ਰੇਰੇ ਹੋਏ ਮੰਦੇ ਪਾਸੇ ਪਏ ਰਹਿੰਦੇ ਹਨ। ਰੱਬ ਵਲੋਂ ਮੋਏ ਹੋਏ ਮਨੁੱਖ, ਕਿਸੇ ਦੇ ਸੱਕੇ ਨਹੀਂ ਹੁੰਦੇ। ਨਿਰਵੈਰਾਂ ਨਾਲ ਭੀ ਵੈਰ ਕਰਦੇ ਤੇ ਪ੍ਰਮਾਤਮਾ ਦੇ ਧਰਮ ਨਿਆਂ-ਅਨੁਸਾਰ ਦੁਖੀ ਹੁੰਦੇ ਹਨ। ਜੋ ਜੋ ਮਨੁੱਖ ਸੰਤ-ਗੁਰੂ ਵਲੋਂ ਫਿਟਕਾਰੇ ਹੋਏ ਭਾਵ ਗੁਰੂ ਦੇ ਦਰ ਤੋਂ ਵਾਂਜੇ ਹੋਏ ਨੇ, ਉਹ ਭਟਕਦੇ ਫਿਰਦੇ ਹਨ। ਜੋ ਰੁੱਖ ਮੁਢੋਂ ਪੁੱਟਿਆ ਜਾਏ, ਉਸ ਦੇ ਟਾਹਣ ਭੀ ਸੁੱਕ ਜਾਂਦੇ ਹਨ।

ਉਪ੍ਰੋਕਤ ਸ਼ਬਦ 'ਚ ਪ੍ਰਸੰਗ ਹੈ ਕਿ ਬੇਮੁੱਖ ਮਰਵਾਹੇ ਖੱਤਰੀਆਂ ਨੇ ਗੁਰੂ ਅਮਰਦਾਸ ਜੀ ਦੀ ਬਾਦਸ਼ਾਹ ਪਾਸ ਸ਼ਕਾਇਤ ਕਰਾਉਣ ਲਈ ਵੇਮੁੱਖ ਤਪੇ ਫਕੀਰ ਦੇ ਗਲੇ ਮਲ ਤੇ ਜੂੰਆਂ ਨਾਲ ਭਰਿਆ ਨੀਲਾ ਤੇ ਕਾਲਾ ਜੁੱਲਾ (ਖਿਧੋਲੜਾ) ਪਵਾਇਆ ਸੀ ਤੇ ਗੂੰਹ ਆਦਿਕ ਨਾਲ ਗੰਦਾ ਹੋਣ ਕਰਕੇ, ਉਸ ਮਨਮੁਖ ਨੂੰ ਕੋਈ ਨੇੜੇ ਨਹੀਂ ਸੀ ਬੈਠਣ ਦਿੰਦਾ। ਸੋ ਖਿਧੋਲੜਾ ਫਰਿਆਦੀ, ਅਪਰਾਧੀ ਤੇ ਮੈਲੇ ਕੁਚੈਲੇ ਵੇਸ ਦਾ ਸੂਚਕ ਫੈਸ਼ਨ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 3 ਮਾਰਚ ਨੂੰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ

**ਫਰਿਜ਼ਨੋ-** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 1, 2, 3 ਮਾਰਚ 2019 ਵਿਚ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਅਖੰਡ ਪਾਠ ਸਾਹਿਬ ਦੇ ਭੋਗ 3 ਮਾਰਚ 2019 ਨੂੰ ਪਾਏ ਜਾਣਗੇ। ਇਸ ਦਰਮਿਆਨ ਪਾਠੀ, ਕੀਰਤਨੀਏ, ਢਾਡੀਆਂ ਦੀ ਸੇਵਾ ਰਤਨਪਾਲ ਤੇ ਰਾਜ ਕੁਮਾਰ ਜੱਸੀ ਪਰਿਵਾਰ ਵੱਲੋਂ ਲਈ ਗਈ ਹੈ। ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਵਰਿੰਦਰਪਾਲ ਤੇ ਪਰਿਵਾਰ, ਦੁੱਧ ਦੀ ਸੇਵਾ ਬੰਸੀ ਲਾਲ ਬੰਗੜ ਪਰਿਵਾਰ, ਦੇਸੀ ਘਿਓ ਦੀ ਸੇਵਾ ਸ੍ਰੀ ਸੁਖਜਿੰਦਰ ਤੇ ਬੀਬੀ ਦਲਜੀਤ ਕੌਰ ਪਰਿਵਾਰ, ਕੱਪ-ਪਲੇਟਾਂ ਨੈਪਕੀਨ ਤੇ ਚਮਚਿਆਂ ਦੀ ਸੇਵਾ ਸ੍ਰੀ ਸਲੀਮ ਤੇ ਪਰਿਵਾਰ, ਬੇਸਣ ਤੇ ਪਿਆਜ ਦੀ ਸੇਵਾ ਬੀਬੀ ਰਜਿੰਦਰ ਕੌਰ (ਹੂਰਨ



ਸਿਟੀ), ਚੰਦੋਆ, ਪੜਦੇ ਰੁਮਾਲੇ, ਚਾਦਰਾਂ ਦੀ ਸੇਵਾ ਮੋਮੀ ਪਰਿਵਾਰ ਵੱਲੋਂ, ਕੁਕਿੰਗ ਆਇਲ ਦੀ ਸੇਵਾ ਕੈਪਟਨ ਰਾਮ ਸਿੰਘ ਅਤੇ ਪਰਿਵਾਰ ਵੱਲੋਂ, ਮੁਫ਼ਤ ਮੈਡੀਕਲ ਕੈਂਪ ਡਾ. ਸਤਨਾਮ ਬੰਗੜ ਦੀ ਟੀਮ ਵੱਲੋਂ ਕੀਤੀ ਜਾਵੇਗੀ। ਹੋਰ ਵੀ ਸੇਵਾਵਾਂ ਖਾਲੀ ਹਨ, ਜਿਸ ਲਈ ਗੁਰੂ ਘਰ ਦੇ ਬਾਬਾ ਜੀ ਜਾਂ ਪ੍ਰਧਾਨ ਅਤੇ ਚੇਅਰਮੈਨ ਨਾਲ ਸੰਪਰਕ ਕੀਤਾ ਜਾ ਸਕਦਾ ਹੈ।ਇਸ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ ਜਥੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਵਿਦਵਾਨ ਬਾਰੇ ਆਪਣੇ ਵਿਚਾਰਾਂ ਦੀ ਸੰਗਤਾਂ ਨਾਲ ਸਾਂਝ ਪਾਉਣਗੇ। ਇਹ ਸੇਵਾ ਸ੍ਰੀ ਰਾਜ ਕੁਮਾਰ ਅਤੇ ਰਤਨਪਾਲ ਜੱਸੀ ਪਰਿਵਾਰ ਵੱਲੋਂ ਸੰਭਾਲੀ ਗਈ ਹੈ।

ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਵੱਧ ਚੜ੍ਹ ਕੇ ਯੋਗਦਾਨ ਪਾਇਆ ਜਾਵੇ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ ਦੀਆਂ ਸਰਗਰਮੀਆਂ

**ਫਰਿਜ਼ਨੋ-** ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਪਿਛਲੇ ਸਾਲਾਂ ਵਾਂਗ ਹਰ ਸਾਲ ਲੋਹੜੀ ਦੇ ਮੌਕੇ ਇਹਨਾਂ ਪਰਿਵਾਰਾਂ ਨੇ ਆਪਣੇ ਲੜਕੇ ਜਾਂ ਲੜਕੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਲੋਹੜੀ ਮਨਾਉਣ ਦੀ ਖੁਸ਼ੀ ਵਿਚ ਸੰਗਤ ਨੂੰ ਆਪਣੇ ਖੇੜੇ ਵਿਖੇ ਸ਼ਰਧਾ ਨਾਲ ਬੁਲਾਇਆ ਹੈ, ਉਥੇ ਇਹਨਾਂ ਸੰਗਤ ਨਾਲ ਉਸ ਪਰਿਵਾਰ ਦੇ ਘਰ ਜਾ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਪਰਿਵਾਰ ਵੱਲੋਂ ਖੁਸ਼ੀ ਵਿਚ ਦਿੱਤੀ ਜਾਂਦੀ ਰਾਸ਼ੀ ਗੁਰੂ ਘਰ ਦੇ ਲਈ ਹੀ ਵਰਤੀ ਜਾਂਦੀ ਹੈ। ਇਹ ਜਾਣਕਾਰੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਰਾਜਿੰਦਰ ਮੋਮੀ ਜੀ ਨੇ ਅਦਾਰਾ 'ਦੇਸ਼ ਦੁਆਬਾ' ਨਾਲ ਫੋਨ ਤੇ ਸਾਂਝੀ ਕੀਤੀ। ਸ੍ਰੀ ਮੋਮੀ ਚੇਅਰਮੈਨ ਨੇ ਇਹ ਵੀ ਕਿਹਾ ਕਿ ਜੇਕਰ ਕੋਈ ਪਰਿਵਾਰ ਚਾਹਵਾਨ ਹੋਵੇ ਤਾਂ ਉਹ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ: ਰਾਜਿੰਦਰ ਮੋਮੀ, ਚੇਅਰਮੈਨ (559) 709-8838, ਕੇਵਲ ਸਿੰਘ, ਪ੍ਰਧਾਨ (559)496-9682, ਬਾਬਾ ਰਾਮ ਸਿੰਘ (559) 486-3091



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਬਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।



# BERKSHIRE HATHAWAY
## Home Services
## ELITE REAL ESTATE

BH HS
BERKSHIRE HATHAWAY HOMESERVICES

MLS

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587
Fax # 916-721-2373
Office: 916-681-5112
shangararam2@gmail.com

7412 Elsie Ave., Sacramento, CA 95828

# ਰੋਸ ਰੈਲੀ ਲਈ ਐਸ.ਸੀ.ਬੀ.ਸੀ.ਫੈਡਰੇਸ਼ਨ ਦੀ ਹੋਈ ਮੀਟਿੰਗ

**ਹੁਸ਼ਿਆਰਪੁਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐਸ. ਸੀ., ਬੀ. ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ (ਰਜਿ.) ਦੀ ਤਹਿਸੀਲ ਹੁਸ਼ਿਆਰਪੁਰ ਦੀ ਮੀਟਿੰਗ ਪ੍ਰਧਾਨ ਡਾ. ਜਸਵੰਤ ਰਾਏ ਦੀ ਪ੍ਰਧਾਨਗੀ ਹੇਠ ਕਮਾਲਪੁਰ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਵਿਚ ਹੋਈ। ਮੀਟਿੰਗ ਵਿਚ ਸੂਬਾ ਪ੍ਰਧਾਨ ਸ੍ਰੀ ਬਲਰਾਜ ਕੁਮਾਰ ਉਚੇਚੇ ਤੌਰ 'ਤੇ ਪਹੁੰਚੇ। ਤਹਿਸੀਲ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਡਾ. ਜਸਵੰਤ ਰਾਏ ਅਤੇ ਸ੍ਰੀ ਬਲਰਾਜ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਐਸ. ਸੀ., ਬੀ. ਸੀ. ਸਮਾਜ ਅਤੇ ਮੁਲਾਜ਼ਮਾਂ, ਵਿਦਿਆਰਥੀਆਂ ਦੀਆਂ ਜਾਇਜ਼ ਅਤੇ ਸੰਵਿਧਾਨਕ ਮੰਗਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। 10-10-2014 ਦਾ ਪੱਤਰ, ਵਿਦਿਆਰਥੀਆਂ ਦੇ ਵਜ਼ੀਫੇ, 10ਵੀਂ, 12ਵੀਂ ਦੀਆਂ ਦਾਖਲਾ ਫੀਸਾਂ, ਤਰੱਕੀਆਂ ਵਿਚ ਰਾਖਵਾਂਕਰਨ ਆਦਿ ਮੰਗਾਂ ਠੰਡੇ ਬਸਤੇ ਵਿਚ ਪਈਆਂ ਹੋਈਆਂ ਹਨ, ਜਿਸ ਕਰਕੇ ਸਮਾਜ ਵਿਚ ਭਾਰ ਰੋਸ ਹੈ। ਰੋਸ ਉਜਾਗਰ ਕਰਨ ਲਈ ਮੁਹਾਲੀ ਵਿਚ ਹੋ ਰਹੀ ਫੈਡਰੇਸ਼ਨ ਦੀ ਸੂਬਾ ਪੱਧਰੀ ਰੈਲੀ 'ਚ ਹੁਸ਼ਿਆਰਪੁਰ ਤਹਿਸੀਲ ਦੇ ਵਰਕਰ ਪੰਜ ਬੱਸਾਂ ਭਰ ਕੇ ਸ਼ਿਰਕਤ ਕਰਨਗੇ। ਇਹ ਰੈਲੀ ਸਰਕਾਰ ਨੂੰ ਗੂਹੜੀ ਨੀਂਦ 'ਚੋਂ ਕੱਢੇਗੀ ਅਤੇ ਜੜ੍ਹਾਂ ਹਿਲਾ ਕੇ ਰੱਖ ਦੇਵੇਗੀ। ਇਸ ਮੌਕੇ ਤਹਿਸੀਲ ਮੀਤ ਪ੍ਰਧਾਨ ਜਰਨੈਲ ਸਿੰਘ ਸੀਕਰੀ, ਜਨਰਲ ਸਕੱਤਰ ਯੋਧਾ ਮੱਲ, ਹੰਸ ਰਾਜ, ਜਤਿੰਦਰ ਕੁਮਾਰ, ਬਲਾਕ ਪ੍ਰਧਾਨ ਗੁਲਜਾਰ ਲਾਲ, ਬਲਵੀਰ ਕੁਮਾਰ, ਬਲਵਿੰਦਰ ਕੁਮਾਰ, ਬਲਦੇਵ ਸਿੰਘ, ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ, ਰਣਵੀਰ ਕੁਮਾਰ ਆਦਿ ਹਾਜ਼ਰ ਸਨ।



**ਰਿਪੋਰਟ– ਡਾ. ਜਸਵੰਤ ਰਾਏ**

# ਉਰਦੂ ਭਾਸ਼ਾ ਦੀ ਪ੍ਰੀਖਿਆ 'ਚੋਂ ਮਿਸ ਦੀਪਿੰਦਰ ਕੌਰ ਪਟਿਆਲਾ ਅੱਵਲ

**ਪਟਿਆਲਾ–** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਜਿਲ੍ਹਾ ਮੁਕਾਮ ਕੇਂਦਰਾਂ ਚ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਕਰਵਾਈ ਜਾਂਦੀ ਉਰਦੂ ਦੀ ਪੜ੍ਹਾਈ ਦੀਆਂ ਜੁਲਾਈ-ਦਸੰਬਰ ਸੈਸ਼ਨ ਦੀ ਉਰਦੂ ਭਾਸ਼ਾ ਦੇ ਐਲੀਮੈਂਟਰੀ ਕੋਰਸ "ਉਰਦੂ ਆਮੋਜ" ਹੋਈ ਪ੍ਰੀਖਿਆ ਦਾ ਨਤੀਜਾ ਐਲਾਨ ਕਰ ਦਿੱਤਾ ਗਿਆ ਹੈ। ਇਸ ਪ੍ਰੀਖਿਆ 'ਚੋਂ ਸੂਬੇ ਦੇ ਪਟਿਆਲਾ ਕੇਂਦਰ ਦੀ ਵਿੱਦਿਆਰਥਣ ਮਿਸ ਦੀਪਿੰਦਰ ਕੌਰ ਪੁੱਤਰੀ ਸੁਰਜੀਤ ਸਿੰਘ ਪਟਿਆਲਾ ਨੇ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ, ਜਦਕਿ ਕਪੂਰਥਲਾ ਕੇਂਦਰ ਦਾ ਵਿਦਿਆਰਥੀ ਮੁਹੰਮਦ ਸੈਫਉੱਲਾ ਦੂਸਰੇ ਅਤੇ ਅੰਮ੍ਰਿਤਸਰ ਕੇਂਦਰ ਦਾ ਵਿੱਦਿਆਰਥੀ ਨਿਰਮਲ ਸਿੰਘ ਪ੍ਰੀਖਿਆ ਚੋਂ ਤੀਸਰੇ ਸਥਾਨ ਤੇ ਰਹੇ ਹਨ।

ਜਿਕਰਯੋਗ ਹੈ ਕਿ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਜਿੱਥੇ ਰਾਜ ਭਾਸ਼ਾ ਪੰਜਾਬੀ ਦੇ ਪ੍ਰਚਾਰ, ਪਸਾਰ ਅਤੇ ਉਸਾਰ ਲਈ ਯਤਨਾਂ ਦੀ ਗਤੀਸ਼ੀਲਤਾ ਜਾਰੀ ਰੱਖਦਾ ਹੈ, ਉੱਥੇ ਰਾਸ਼ਟਰੀ ਭਾਸ਼ਾ ਹਿੰਦੀ, ਸੰਸਕ੍ਰਿਤ, ਉਰਦੂ ਅਤੇ ਸ਼ਾਰਟ ਹੈਂਡ ਦੀ ਤਰੱਕੀ ਲਈ ਵੀ ਬਹੁਤ ਸਾਰੀਆਂ ਸਕੀਮਾਂ ਚਲਾ ਰਿਹਾ ਹੈ ਅਤੇ ਚਾਹਵਾਂਨਾਂ ਦੀ ਇੱਛਾ ਦੀ ਪੂਰਤੀ ਲਈ ਸਿਖਿਅਕਾਂ ਦਾ ਪ੍ਰਬੰਧ ਕਰਦਾ ਹੈ। ਇਸੇ ਸਕੀਮ ਤਹਿਤ ਪਿਛਲੇ 44 ਸਾਲਾਂ ਤੋਂ ਉਰਦੂ ਭਾਸ਼ਾ ਲਈ ਵੀ ਉਰਦੂ ਐਲੀਮੈਂਟਰੀ ਸਿੱਖਿਆ ਲਈ ਵੀ "ਉਰਦੂ ਆਮੋਜ" ਕੋਰਸ ਬਿਲਕੁਲ ਮੁਫਤ ਕਰਵਾਇਆ ਜਾਂਦਾ ਹੈ। ਹਰ ਸਾਲ ਜਨਵਰੀ-ਜੂਨ ਅਤੇ ਜੁਲਾਈ-ਦਸੰਬਰ ਸਾਲ ਦੀਆਂ ਛਮਾਹੀਆਂ ਦੌਰਾਨ ਇਹ ਕੋਰਸ ਭਾਸ਼ਾ ਵਿਭਾਗ ਦੇ ਜਿਲ੍ਹਾ ਹੈਡ ਕੁਆਟਰਾਂ ਤੇ ਕਰਵਾਇਆ ਜਾਂਦਾ ਹੈ।ਪੰਜਾਬ ਚ ਇੱਕੋ ਦਿਨ ਪ੍ਰੀਖਿਆ ਕੇਂਦਰਾਂ ਚ ਪ੍ਰੀਖਿਆ ਲਈ ਜਾਂਦੀ ਹੈ।ਨਤੀਜੇ ਉਪਰੰਤ ਪਹਿਲੀਆਂ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਵਿੱਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ ਅਤੇ ਸਾਰੇ ਵਿੱਦਿਆਰਥੀਆਂ ਨੂੰ ਕੋਰਸ ਦੇ ਸਰਟੀਫਿਕੇਟ ਵੀ ਜਾਰੀ ਕੀਤੇ ਜਾਂਦੇ ਹਨ।

ਪਟਿਆਲਾ ਦੀ ਵਿੱਦਿਆਰਥਣ ਦਾ ਸੂਬੇ ਭਰ ਚੋਂ ਅੱਵਲ ਆਉਣਾ ਪਟਿਆਲਾ ਕੇਂਦਰ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।ਇਸ ਤੋਂ ਇਲਾਵਾ ਪਟਿਆਲਾ ਕੇਂਦਰ ਦੇ ਬਾਕੀ ਵਿੱਦਿਆਰਥੀ ਵੀ ਵਧੀਆ ਪੁਜ਼ੀਸ਼ਨਾਂ ਚ ਪਾਸ ਹੋਏ ਹਨ।

**– ਸਤਨਾਮ ਸਿੰਘ ਮੱਟੂ**



# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com
Give us a chance to provide you best services

2680 N TRACY BLVD, SUITE 4, TRACY, CA 95376

# ਪ੍ਰੋ. ਆਨੰਦ ਤੈਲਤੁੰਬੜੇ ਦੀ ਗ੍ਰਿਫ਼ਤਾਰੀ ਦੇ ਖਿਲਾਫ਼ ਦੇਸ਼ ਭਗਤਾਂ ਵੱਲੋਂ ਵਿਚਾਰ-ਚਰਚਾ ਅਤੇ ਰੋਸ ਮਾਰਚ 23 ਨੂੰ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੁਆਰਾ ਸਮੁੱਚੇ ਕੰਮਕਾਰ ਨੂੰ ਸਮੂਹਕਤਾ ਅਤੇ ਸਚਿਆਰਤਾ ਨਾਲ ਚਲਾਉਣ ਲਈ ਬਣਾਈਆਂ ਸਬ-ਕਮੇਟੀਆਂ ਦੀ ਅੱਜ ਹੋਈ ਸਾਂਝੀ ਮੀਟਿੰਗ 'ਚ ਕਈ ਅਹਿਮ ਫੈਸਲੇ ਲਏ ਗਏ।

ਮੀਟਿੰਗ 'ਚ ਸਭ ਤੋਂ ਪਹਿਲਾਂ ਡਾ. ਅੰਬੇਡਕਰ ਬਾਰੇ ਭਰਵੀਂ ਖੋਜ਼ ਕਰਨ ਵਾਲੇ ਅਤੇ ਮੁਲਕ ਦੇ ਭਖ਼ਵੇਂ ਮਸਲਿਆਂ ਉਪਰ ਦਰਜਣਾਂ ਪੁਸਤਕਾਂ ਦੇ ਰਚੇਤਾ, ਨਾਮਵਰ ਵਿਦਵਾਨ, ਜਮਹੂਰੀ ਕਾਰਕੁੰਨ, ਗੋਆ ਇੰਸਟੀਚਿਊਟ ਆਫ਼ ਮੈਨੇਜ਼ਮੈਂਟ ਦੇ ਪ੍ਰੋ. ਆਨੰਦ ਤੈਲਤੁੰਬੜੇ ਦੀ ਅੱਜ ਤੜਕਸਾਰ ਗੈਰ-ਕਾਨੂੰਨੀ ਗ੍ਰਿਫ਼ਤਾਰੀ ਦੀ ਤਿੱਖੇ ਸ਼ਬਦਾਂ 'ਚ ਨਿੰਦਾ ਕੀਤੀ ਗਈ। ਕਮੇਟੀ ਨੇ ਇਸ ਕਦਮ ਨੂੰ ਮੌਲਿਕ ਅਧਿਕਾਰਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਸਿੱਧਾ ਹੱਲਾ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਭਾਜਪਾ ਹਕੂਮਤ ਅਸਲ 'ਚ ਆ-ਪਣੀਆਂ ਨਾਕਾਮੀਆਂ ਉਪਰ ਪਰਦਾ ਪਾਉਣ ਅਤੇ ਹੱਕ, ਸੱਚ, ਇਨਸਾਫ਼ ਦੀ ਆਵਾਜ਼ ਬੰਦ ਕਰਨ ਲਈ ਵਿਸ਼ੇਸ਼ ਕਰਕੇ ਬੁੱਧੀਜੀਵੀ ਵਰਗ ਦੀ ਜ਼ੁਬਾਨਬੰਦੀ ਲਈ ਫਾਸ਼ੀ ਹੱਲਾ ਬੋਲ ਰਹੀ ਹੈ। ਕਮੇਟੀ ਨੇ ਫੈਸਲਾ ਕੀਤਾ ਕਿ 23 ਫਰਵਰੀ ਦਿਨੇ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਦੇਸ਼ ਭਰ ਦੇ ਬੁੱਧੀਮਾਨਾ ਦੀ ਰਿਹਾਈ, ਝੂਠੇ ਕੇਸ ਰੱਦ ਕਰਨ, ਵਿਚਾਰਾਂ ਦੀ ਆਜ਼ਾਦੀ ਉਪਰ ਹੱਲਾ ਬੰਦ ਕਰਨ ਦੇ



ਮੁੱਦੇ ਨੂੰ ਲੈ ਕੇ ਵਿਚਾਰ-ਚਰਚਾ ਅਤੇ ਸ਼ਹਿਰ 'ਚ ਰੋਸ ਮਾਰਚ ਕੀਤਾ ਜਾਏਗਾ। ਇਸ ਤੋਂ ਇਲਾਵਾ ਇਤਿਹਾਸ ਸਬ-ਕਮੇਟੀ ਵੱਲੋਂ 'ਵਿਰਸਾ' ਪੱਤ੍ਰਿਕਾ ਦੀ ਨਿਰੰਤਰ ਪ੍ਰਕਾਸ਼ਨਾ, 'ਕਿਰਤੀ ਪਾਰਟੀ', 'ਗ਼ਦਰ ਪਾਰਟੀ 'ਚ ਔਰਤਾਂ ਦੀ ਭੂਮਿਕਾ', 'ਕਿਰਤੀ ਲਹਿਰ ਦੀ ਚੋਣਵੀਂ ਵਾਰਤਕ', 'ਝੰਡੇ ਦੇ ਗੀਤ', 'ਫੁੱਲਵਾੜੀ' ਪੱਤ੍ਰਿਕਾ ਦੀ ਮਹੱਤਵਪੂਰਵ ਸਮੱਗਰੀ ਆਦਿ ਪਾਠਕਾਂ ਤੱਕ ਲੈ ਕੇ ਜਾਣ ਲਈ ਪ੍ਰਕਾਸ਼ਤ ਕਰਨ ਬਾਰੇ ਵਿਚਾਰਿਆ ਗਿਆ।

ਵੱਖ-ਵੱਖ ਮੁੱਦਿਆਂ ਉਪਰ ਹੋਈ ਭਰਵੀਂ ਵਿਚਾਰ-ਚਰਚਾ 'ਚ ਇਤਿਹਾਸ ਸਬ-ਕਮੇਟੀ ਦੇ ਕਨਵੀਨਰ ਨੌਨਿਹਾਲ ਸਿੰਘ ਦੀ ਸਿਹਤ ਦੀਆਂ ਸਮੱਸਿਆਵਾਂ ਕਾਰਨ ਅੱਗੇ ਤੋਂ ਜ਼ਿੰਮੇਵਾਰੀਆਂ ਓਟਣ ਲਈ ਬਣੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ, ਲਾਇਬਰੇਰੀ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਕਮੇਟੀਆਂ ਦੇ ਮੈਂਬਰ ਡਾ. ਕਰਮਜੀਤ ਸਿੰਘ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੀਤਲ ਸਿੰਘ ਸੰਘਾ ਨੇ ਵੀ ਭਾਗ ਲਿਆ।



ਪਿੰਡ ਬੋਲੀਨਾਂ ਦੋਆਬਾ ਕਬੱਡੀ ਕੱਪ ਚ ਵਿਸੇਸ਼ ਤੌਰ ਤੇ ਪਹੁੰਚੇ ਪਰਮਜੀਤ ਸਿੰਘ ਪੰਮੀ ਨਿਊਜ਼ੀਲੈਂਡ, ਪੰਜਾਬੀ ਗਾਇਕ ਗੁਰਮੁੱਖ ਦੋਆਬੀਆ, ਤਿਲਕ ਰਾਜ ਪਹਿਲਵਾਨ ਜਰਮਨ, ਇੰਦਰਜੀਤ ਮੀਕਾ ਕਨੇਡਾ, ਰਾਜੇਸ਼ ਬਾਘਾ ਮੀਤ ਪ੍ਰਧਾਨ ਭਾਜਪਾ ਪੰਜਾਬ, ਮਨਜੀਤ ਬਾਲੀ ਮੈਂਬਰ ਡਾ.ਅੰਬੇਡਕਰ ਫਾਉਂਡੇਸ਼ਨ ਭਾਰਤ ਸਰਕਾਰ, ਰਾਕੇਸ਼ ਸ਼ਾਂਤੀਦੂਤ, ਮਨਦੀਪ ਬਖਸ਼ੀ ਲਾਂਬੜਾ, ਗੀਤਕਾਰ ਮਿੰਟੂ ਹੇਰਾ, ਕੁਲਵਿੰਦਰ ਬਾਘਾ ਸਰਪੰਚ ਬੋਲੀਨਾਂ, ਦੀਪਾ ਬਾਜਵਾ ਕਲਾਂ, ਜੋਗੀ ਤੱਲ੍ਹਣ ਪ੍ਰਧਾਨ ਭਾਜਪਾ ਮੰਡਲ ਪਤਾਰਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

# ਲੁਧਿਆਣਾ ਲੋਕ ਸਭਾ ਸੀਟ ਤੇ ਪਵਨ ਦੀਵਾਨ ਨੇ ਠੋਕਿਆ ਦਾਅਵਾ

**ਨਿਊਯਾਰਕ (ਰਾਜ ਗੋਗਨਾ)–** ਲੁਧਿਆਣਾ ਲੋਕ ਸਭਾ ਸੀਟ ਲਈ ਕਾਂਗਰਸ ਦੀ ਟਿਕਟ ਵਾਸਤੇ ਲਈ ਪੰਜਾਬ ਕਾਂਗਰਸ ਜਨਰਲ ਸਕੱਤਰ ਪਵਨ ਦੀਵਾਨ ਨੇ ਮੰਗਲਵਾਰ ਨੂੰ ਚੰਡੀਗੜ੍ਹ ਸਥਿਤ ਪਾਰਟੀ ਮੁੱਖ ਦਫਤਰ ਵਿਚ ਪੰਜਾਬ ਕਾਂਗਰਸ ਜਨਰਲ ਸਕੱਤਰ ਇੰਚਾਰਜ ਕੈਪਟਨ ਸੰਦੀਪ ਸੰਧੂ ਨੂੰ ਅਰਜੀ ਸੌਂਪ ਕੇ ਇਸ ਸੀਟ ਉਪਰ ਆਪਣਾ ਦਾਅਵਾ ਠੋਕ ਦਿੱਤਾ ਹੈ। ਇਸ ਦੌਰਾਨ ਦੀਵਾਨ ਨਾਲ ਪਲਵਿੰਦਰ ਸਿੰਘ ਤੱਗੜ, ਸਤਵਿੰਦਰ ਸਿੰਘ ਜਵਦੀ, ਇੰਦਰਜੀਤ ਕਪੂਰ, ਸੁਨੀਲ ਦੱਤ, ਤਰਲੋਚਨ ਸਫ਼ਰੀ, ਨਵਨੀਸ਼ ਮਲਹੋਤਰਾ (ਸਾਰੇ ਸਕੱਤਰ ਪ੍ਰਦੇਸ਼ ਕਾਂਗਰਸ ਕਮੇਟੀ) ਡਾ ਓਂਕਾਰ ਚੰਦ ਸ਼ਰਮਾ, ਮੀਤ ਪ੍ਰਧਾਨ ਲੁਧਿਆਣਾ ਕਾਂਗਰਸ, ਅਵਤਾਰ ਸਿੰਘ, ਅਨਿਲ ਕੁਮਾਰ ਪੱਪੀ, ਬਹਾਦਰ ਸਿੰਘ, ਨਰੇਸ਼ ਕੁਮਾਰ, ਹਰਭਗਤ ਸਿੰਘ ਗਰੇਵਾਲ, ਰਜਨੀਸ਼ ਚੋਪੜਾ, ਬਲਜੀਤ ਅਹੂਜਾ (ਸਾਰੇ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ) ਰੋਹਿਤ ਪਾਹਵਾ ਚੇਅਰਮੈਨ ਯੂਥ ਵੈੱਲਫੇਅਰ ਸੈੱਲ, ਮਨੀ ਖੀਵਾ, ਅਜਾਦ ਸ਼ਰਮਾ ਵੀ ਮੌਜੂਦ ਰਹੇ।



ਜ਼ਿਕਰਯੋਗ ਹੈ ਕਿ ਦੀਵਾਨ ਪਾਰਟੀ ਵਿਚ ਕਈ ਅਹੁਦਿਆਂ ਤੇ ਰਹਿ ਕੇ ਸੇਵਾ ਨਿਭਾ ਚੁੱਕੇ ਹਨ ਜਿਹੜੇ ਮਹਾਰਾਸ਼ਟਰ ਵਿੱਚ ਜ਼ਿਲ੍ਹਾ ਵਰਧਾ ਵਿੱਚ ਕਾਂਗਰਸ ਸੰਗਠਨ ਚੋਣਾਂ ਲਈ ਜ਼ਿਲਾ ਰਿਟਰਨਿੰਗ ਅਫਸਰ, ਪੀਪ-ਸੀਸੀ ਮੈਂਬਰ,ਲੁਧਿਆਣਾ ਕਾਂਗਰਸ ਸ਼ਹਿਰੀ ਦੇ ਪ੍ਰਧਾਨ, ਯੂਥ ਕਾਂਗਰਸ ਦੇ ਪ੍ਰਧਾਨ, ਪੰਜਾਬ ਯੂਥ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ, ਸ਼ਹਿਰੀ ਵਿਕਾਸ ਸੈੱਲ ਯੂਥ ਕਾਂਗਰਸ ਦੇ ਚੇਅਰਮੈਨ, ਪੰਜਾਬ ਵਿਚ ਕਾਂਗਰਸ ਸਕੱਤਰ, ਸਟੇਟ ਇਨਵਾਇਰਮੈਂਟ ਕੌਂਸਲ ਦੇ ਮੈਂਬਰ, ਜ਼ਿਲ੍ਹਾ ਪੀਸ ਕਮੇਟੀ ਦੇ ਮੈਂਬਰ, ਜ਼ਿਲ੍ਹਾ ਟੈਲੀਫ਼ੋਨ ਐਡਵਾਈਜ਼ਰੀ ਕਮੇਟੀ, ਜ਼ਿਲ੍ਹਾ ਸੇਲਟੈਕਸ ਐਡਵਾਇਜ਼ਰੀ ਕਮੇਟੀ ਦੇ ਮੈਂਬਰ ਵੀ ਰਹੇ ਹਨ।







**Jalandhar-** A most diligent and dedicated officer of the BSNL, Paramjit Mahey superannuated from service on January 31, 2019 after putting in 35 years long service. His colleagues at the BSNL bid Paramjit a befitting farewell at a luncheon meeting in which senior executives of BSNL and his immediate kith and kin were present namely, Senior BSNL Executives, Deputy General Manager Manjit Singh, Chief Accounts Officer Officer Baldev Singh, Divisional Engineer Pradeep Soni among others and wife Savita and also brothers Ambassador Ramesh Chander and Krishan Chander participated at this important day of Paramjit. It was an emotional send off by the officers and staff of BSNL. Speaking on the occasion both the Deputy GM and Chief Accounts Officer appreciated the sterling contribution of Paramjit to the BSNL by his dedicated service. Yesterday, January 30, SC Employees Welfare Association (SEWA) of BSNL bid farewell to Paramjit in appreciation of his excellent work as the Punjab Circle President of the SEWA. Senior functionaries of SEWA, SDO Sanjiv Kumar and SDO Raghuvir Singh, spoke very high of Paramjit.

It may be mentioned that Paramjit is a known and recognized social and cultural activist of the region and is well connected with the community at large.

# ਸਿੱਖ ਨਸ਼ਲਕੁਸ਼ੀ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਤੇ ਸੀਨੀਅਰ ਵਕੀਲ ਫੂਲਕੇ ਦਾ ਪਿੰਡ ਗੌਂਸਗੜ੍ਹ 'ਚ ਸਨਮਾਨ

## ਨਾ ਇਸ ਲੋਕ ਸਭਾ ਦੀ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜਾਂਗਾ : ਫੂਲਕਾ

**ਲੁਧਿਆਣਾ–** ਆਮ ਆਦਮੀਂ ਪਾਰਟੀ ਦੀ ਵਿਧਾਇਕੀ ਤੋਂ ਅਸਤੀਫਾ ਦੇ ਚੁੱਕੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੇ ਅੱਜ ਪਿੰਡ ਗੌਂਸਗੜ੍ਹ ਵਿਖੇ ਭਰਵੇਂ ਇੱਕਠ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਾਫ ਸਾਫ ਲਫਜਾਂ ਵਿੱਚ ਆਖ ਦਿੱਤਾ ਕਿ ਉਹ ਕਿਸੇ ਵੀ ਪਾਰਟੀ ਵੱਲੋਂ ਨਾ ਤਾਂ ਆਉਣ ਵਾਲੀ 2019 ਦੀ ਲੋਕ ਸਭਾ ਚੋਣ ਅਤੇ ਨਾ ਹੀ ਜਲਦ ਹੋਣ ਜਾ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਣਨਗੇ। ਉਨ੍ਹਾਂ ਕਿਹਾ ਭਾਜਪਾ ਵੱਲੋਂ ਤਾਂ ਉਹ ਕਦੇ ਵੀ ਚੋਣ ਨਹੀ ਲੜ੍ਹਨਗੇ। ਪਰ ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਨ੍ਹਾਂ ਸਿਆਸਤ ਤੋਂ ਸੰਨਿਆਸ ਨਹੀ ਲਿਆ ਉਹ ਇਨ੍ਹਾਂ ਦੋਵਾਂ ਚੋਣਾਂ ਤੋਂ ਬਾਅਦ ਭਵਿੱਖ 'ਚ ਚੋਣਾਂ ਲੜ੍ਹਨ ਸਕਦੇ ਹਨ। ਸ: ਫੂਲਕਾ ਏਥੇ ਸੁਖਵਿੰਦਰ ਸਿੰਘ ਗੌਂਸਗੜ੍ਹ ਦੀ ਅਗਵਾਈ ਹੇਠ ਇਲਾਕੇ ਦੇ ਲੋਕਾਂ ਵੱਲੋਂ ਉਨ੍ਹਾਂ ਦੇ ਸਨਮਾਨ ਸਮਾਰੋਹ ਸਮਾਗਮ 'ਚ ਪਹੁੰਚੇ ਸਨ। ਸ: ਫੂਲਕਾ ਨੇ ਕਿਹਾ ਕਿ ਸਿੱਖਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਐਸ ਜੀ ਪੀ ਸੀ ਬਾਦਲ ਪਰਿਵਾਰ ਕੋਲੋਂ ਅਜਾਦ ਕਰਵਾਉਣੀ ਜਰੂਰੀ ਹੈ ਜਿਸਦੇ ਲਈ ਉਨ੍ਹਾਂ ਸਿੱਖ ਸੇਵਕ ਆਰਮੀਂ ਬਣਾ ਕੇ ਕੰਮ ਕਰਨਾ ਸੁਰੂ ਕਰ ਦਿੱਤਾ ਹੈ। ਉਨ੍ਹਾਂ ਲੋਕਾਂ ਨੂੰ ਇਸ ਆਰਮੀਂ ਨਾਲ ਜੁੜਨ ਦਾ ਖੁੱਲਾ ਸੱਦਾ ਦਿੰਦਿਆਂ ਕਿਹਾ ਕਿ ਜੇਕਰ ਸੰਗਤ ਸਹਿਯੋਗ ਦੇਵੇਗੀ ਤਾਂ ਜਾ ਕਿ ਇਸਦੇ ਪ੍ਰਬੰਧਾਂ ਤੋਂ ਬਾਦਲ ਪਰਿਵਾਰ ਦਾ ਪ੍ਰਭਾਵ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਏਹ ਵੀ ਸਾਫ ਕੀਤਾ ਕਿ ਭਵਿੱਖ 'ਚ ਆਰਮੀਂ ਦਾ ਕੋਈ ਵੀ ਮੈਂਬਰ ਚੋਣ ਨਹੀ ਲੜੇਗਾ ਬਲਕਿ ਚੰਗੇ ਕਿਰਦਾਰ ਵਾਲੇ ਲੋਕਾਂ ਨੂੰ ਅੱਗੇ ਲੈ ਕੇ ਆਵੇਗਾ ਅਤੇ ਉਨ੍ਹਾਂ ਦੀ ਮੇਹਨਤ ਲਈ ਕੰਮ ਕਰੇਗਾ।

ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਪ੍ਰਭਾਵ ਖਤਮ ਕਰਨ ਲਈ ਜਿੰਨੇ ਵੀ ਸਿੱਖ ਸਗੰਠਨ ਜਾਂ ਧਾਰਮਿਕ ਸ਼ਖਸੀਅਤਾਂ ਕੰਮ ਕਰ ਰਹੀਆਂ ਹਨ ਉਨ੍ਹਾਂ ਨਾਲ ਸਾਡੀਆਂ ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਅਸੀ ਮਿਲ ਕੇ ਕੰਮ ਕਰਾਂਗੇ ਅਤੇ ਵੋਟਾਂ ਵਿੱਚ ਵੀ ਅਜਿਹੇ ਚੇਹਰੇ ਐਸ ਸੀ ਪੀ ਸੀ ਦੀ ਚੋਣ ਲੜ੍ਹਨਗੇ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਜੋ ਤ੍ਰੇੜਾਂ ਦੀਆਂ ਗੱਲਾਂ ਸਾਹਮਣੇ ਆਈਆਂ ਹਨ ਉਹ ਦੋਵਾਂ ਪਾਰਟੀਆਂ ਦੀ ਡਰਾਮੇਬਾਜੀ ਹੈ। ਉਨ੍ਹਾਂ ਏਹ ਵੀ ਸਾਫ ਕਰ ਦਿੱਤਾ ਕਿ ਭਾਵੇਂ ਉਨ੍ਹਾਂ ਵੱਲੋਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਕਿਸੇ ਵੀ ਪ੍ਰਕਾਰ ਨਾਲ ਦਖਲ ਨਹੀ ਦਿੱਤਾ ਜਾਵੇਗਾ ਪਰ ਉਨ੍ਹਾਂ ਸਮੇਤ ਉਨ੍ਹਾਂ ਦੇ ਸਮੱਰਥਕ ਕਾਂਗਰਸ ਅਤੇ ਭਾਜਪਾ ਨੂੰ ਵੋਟ ਨਹੀ ਪਾਉਣਗੇ। ਮੰਚ ਦਾ ਸੰਚਾਲਨ ਕਰ ਰਹੇ ਪ੍ਰਦੀਪ ਸਿੰਘ ਖਾਲਸਾ ਵੱਲੋਂ ਵਿਧਾਨ ਸਭਾ ਦਾਖਾ ਦੀ ਤਰਜ ਤੇ ਹਲਕਾ ਸਾਹਨੇਵਾਲ ਦੇ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਵੀ ਐਨ ਜੀ ਓ ਦੇ ਸਹਿਯੋਗ ਨਾਲ ਸਮਾਰਟ ਕਲਾਸਾਂ ਸੁਰੂ ਕਰਨ ਦੀ ਕੀਤੀ ਮੰਗ ਨੂੰ ਸਵੀਕਾਰਦਿਆਂ ਸ: ਫੂਲਕਾ ਨੇ ਸੁਰੂਆਤ ਵਜੋਂ ਪਿੰਡ ਗੌਂਸਗੜ੍ਹ ਦੇ ਸਕੂਲ 'ਚ ਸਮਾਰਟ ਕਲਾਸਾਂ ਦੇ ਪ੍ਰਬੰਧ ਦਾ ਭਰੋਸਾ ਦਿੱਤਾ। ਪਿੰਡ ਦੀ ਪੰਚਾਇਤ, ਗੁਰਦੁਆਰਾ ਕਮੇਟੀ ਅਤੇ ਇਲਾਕੇ ਦੇ ਲੋਕਾਂ ਵੱਲੋਂ ਸ: ਫੂਲਕਾ ਨੂੰ ਲੋਈ ਅਤੇ ਸ੍ਰੀ ਸਾਹਿਬ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।



ਇਸ ਮੌਕੇ ਸ: ਗੌਂਸਗੜ੍ਹ ਨੇ ਕਿਹਾ ਕਿ ਫੂਲਕਾ ਨੇ 84 'ਚ ਸਿੱਖ ਨਸ਼ਲਕੁਸ਼ੀ ਦੇ ਦੋਸ਼ੀਆਂ ਨੂੰ ਜੇਲ੍ਹਾਂ ਵਿੱਚ ਭੇਜਣ ਲਈ ਜੋ ਸੰਘਰਸ਼ ਕੀਤਾ ਹੈ ਉਸਦੇ ਲਈ ਪੂਰੀ ਸਿੱਖ ਕੌਮ ਰਹਿੰਦੀ ਦੁਨੀਆਂ ਤੱਕ ਇਨ੍ਹਾਂ ਤੇ ਫਖ਼ਰ ਕਰਦੀ ਰਹੇਗੀ। ਏਸੇ ਮਹਾਨ ਕਾਰਜ ਲਈ ਅੱਜ ਇਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਸ: ਗੌਂਸਗੜ੍ਹ ਨੇ ਸ: ਫੂਲਕਾ ਨੂੰ ਭਰੋਸਾ ਦਿੱਤਾ ਕਿ ਸਿੱਖ ਸੇਵਕ ਆਰਮੀਂ ਨੂੰ ਅਸੀ ਹਰ ਪ੍ਰਕਾਰ ਦਾ ਸਹਿਯੋਗ ਦੇਵਾਂਗੇ। ਇਸ ਮੌਕੇ ਰਣਜੀਤ ਸਿੰਘ ਧਮੋਟ, ਸੁਰਿੰਦਰ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਸਾਹਿਬ, ਮਨਜੀਤ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਗੌਂਸਗੜ, ਸੂਬੇਦਾਰ ਸੁਰਿੰਦਰ ਸਿੰਘ ਮਾਨ ਖਜਾਨਚੀ, ਅਮਰਜੀਤ ਸਿੰਘ ਗਿੱਲ ਸਰਪੰਚ, ਬਿਕਰਮਜੀਤ ਸਿੰਘ ਗਿੱਲ ਪੰਚ, ਗੁਰਦੀਪ ਸਿੰਘ ਗਿੱਲ ਪੰਚ, ਜਗਜੀਤ ਸਿੰਘ ਅਟਵਾਲ ਪੰਚ, ਗੁਰਪ੍ਰੀਤ ਸਿੰਘ ਚੌਹਾਨ ਪੰਚ, ਗੁਰਪ੍ਰੀਤ ਸਿੰਘ ਪੰਚ, ਜਗਤਾਰ ਸਿੰਘ ਸਾਬਕਾ ਪ੍ਰਧਾਨ, ਅਮਨਦੀਪ ਸਿੰਘ ਗਿੱਲ ਸਾਬਕਾ ਪ੍ਰਧਾਨ, ਸੁਰਿੰਦਰ ਸਿੰਘ ਛੀਨਾ ਗਿੱਲ, ਕੁਲਵੰਤ ਸਿੰਘ ਗਿੱਲ ਸਾਬਕਾ ਸਰਪੰਚ, ਗੁਰਮੀਤ ਸਿੰਘ ਦੀਪਾ ਗਿੱਲ ਦਰਸ਼ਨ ਸਿੰਘ ਗਿੱਲ ਸਾਬਕਾ ਸਰਪੰਚ, ਬਲਵੀਰ ਸਿੰਘ ਢੇਸੀ, ਬਲਵੀਰ ਸਿੰਘ ਗਿੱਲ ਸੈਕਟਰੀ, ਬਲਵਿੰਦਰ ਸਿੰਘ ਗਿੱਲ, ਬਲਵੀਰ ਸਿੰਘ ਭੋਲਾ ਗਿੱਲ, ਦਰਸ਼ਨ ਸਿੰਘ ਛੀਨਾ, ਦਵਿੰਦਰ ਸਿੰਘ ਗਿੱਲ, ਹਰਦਿਆਲ ਸਿੰਘ ਅਟਵਾਲ, ਸੁਖਵਿੰਦਰ ਸਿੰਘ ਮਾਨ, ਭਾਗ ਸਿੰਘ, ਸਤਨਾਮ ਸਿੰਘ, ਸੁਖਦੇਵ ਸਿੰਘ ਕਾਲਾ, ਬਾਈ ਰਾਜ ਸਿੰਘ ਸ਼ਹਿਣਾ, ਗੁਰਚਰਨ ਸਿੰਘ ਹਵਾਸ, ਕਾਮਰੇਡ ਅਮਰ ਨਾਥ ਲੋਕ ਸੰਘਰਸ਼ ਕਮੇਟੀ, ਸੁਖਵਿੰਦਰ ਸਿੰਘ ਸਾਬਕਾ ਸਰਪੰਚ ਰਤਨਗੜ੍ਹ, ਜਥੇਦਾਰ ਹਰਨੇਕ ਸਿੰਘ ਢੋਲਣਵਾਲ, ਸਕੰਦਰ ਬਖਤ ਮੰਡ ਚੌਂਤਾ, ਯਾਦਵਿੰਦਰ ਸਿੰਘ ਤਾਜਪੁਰ, ਮੇਹਰਬਾਨ ਖਾਨ, ਬਲਵਿੰਦਰ ਸਿੰਘ ਪ੍ਰਧਾਨ ਸਸਰਾਲੀ, ਮਨਜੀਤ ਸਿੰਘ ਸਸਰਾਲੀ, ਚਰਨਜੀਤ ਸਿੰਘ ਸਰਪੰਚ ਸਸਰਾਲੀ ਕਲੋਨੀ, ਕਪੂਰ ਸਿੰਘ ਸਾਬਕਾ ਸਰਪੰਚ ਸਸਰਾਲੀ ਕਲੋਨੀ, ਜਥੇਦਾਰ ਜਸਵੰਤ ਸਿੰਘ ਮੇਹਰਬਾਨ, ਨਿਸ਼ਾਨ ਸਿੰਘ ਬੂਥਗੜ੍ਹ, ਜਸਵੰਤ ਸਿੰਘ ਮੱਤੇਵਾੜਾ, ਗੁਰਜੰਟ ਸਿੰਘ ਪੰਜੇਟਾ, ਜਗਤਾਰ ਸਿੰਘ ਨੰਬਰਦਾਰ ਧਨਾਨਸੂ, ਹਰਬੰਸ ਸਿੰਘ ਸੈਂਸ, ਬਲਜੀਤ ਸਿੰਘ ਗਰੇਵਾਲ, ਸਿਮਰਪਰੀਤ ਸਿੰਘ ਸੋਨੂੰ, ਕਮਲਦੀਪ ਸਿੰਘ ਜਮਾਲਪੁਰ ਲੇਲੀ, ਸੁਰਜੀਤ ਸਿੰਘ ਖਾਲਸਾ ਮੇਹਰਬਾਨ, ਸਨੀ ਪੰਚ ਮੇਹਰਬਾਨ, ਰਜਿੰਦਰ ਸਿੰਘ ਰਾਜ ਮੇਹਰਬਾਨ ਅਤੇ ਰਮਨਪ੍ਰੀਤ ਸਿੰਘ ਬੋੜੇ ਹਾਜਰ ਸਨ।

# ਪਾਕਿਸਤਾਨੀ ਘੱਟ ਗਿਣਤੀ ਗੁੱਟਾਂ ਨੇ ਅਮਰੀਕੀ ਕਾਨੂੰਨਸਾਜ਼ ਨੂੰ ਸੁਣਾਏ ਦੁੱਖੜੇ

**ਵਾਸ਼ਿੰਗਟਨ–** ਪਾਕਿਸਤਾਨ ਦੇ ਘੱਟ ਗਿਣਤੀ ਵੱਖ ਵੱਖ ਫ਼ਿਰਕਿਆਂ ਦੇ ਨੁਮਾਇੰਦਿਆਂ ਨੇ ਅਮਰੀਕੀ ਸੰਸਦ ਮੈਂਬਰ ਰੌਬ ਵਿੱਟਮੈਨ ਨਾਲ ਮੁਲਾਕਾਤ ਕਰਕੇ ਆਪਣੇ ਨਾਲ ਹੁੰਦੀਆਂ ਜ਼ਿਆਦਤੀਆਂ ਦੀ ਜਾਣਕਾਰੀ ਦਿੱਤੀ। ਮੁਹਾਜਿਰਾਂ ਦੇ ਵਫ਼ਦ ਅਤੇ ਪਸ਼ਤੂਨ, ਬਲੋਚ ਅਤੇ ਹਜ਼ਾਰਾ ਭਾਈਚਾਰਿਆਂ ਦੇ ਨੁਮਾਇੰਦਿਆਂ ਨੇ ਵਿੱਟਮੈਨ ਨੂੰ ਦੱਸਿਆ ਕਿ ਕਿਵੇਂ ਸਰਕਾਰੀ ਏਜੰਸੀਆਂ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਵਰਜੀਨੀਆ ਦੇ ਕਾਨੂੰਨਸਾਜ਼ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਉਹ ਮਨੁੱਖੀ ਹੱਕਾਂ ਦੇ ਘਾਣ ਦੇ ਮੁੱਦੇ ਕਾਂਗਰਸ 'ਚ ਉਠਾਉਣਗੇ। ਗਰੁੱਪ ਦੀ ਅਗਵਾਈ ਵੁਆਇਸ ਆਫ਼ ਕਰਾਚੀ ਅਤੇ ਸਾਊਥ ਏਸ਼ੀਆ ਮਾਇਨਾਰਟੀਜ਼ ਅਲਾਇੰਸ ਫਾਊਂਡੇਸ਼ਨ ਦੇ ਚੇਅਰਮੈਨ ਨਦੀਮ



ਨੁਸਰਤ ਨੇ ਕੀਤੀ। ਉਨ੍ਹਾਂ ਦੱਸਿਆ ਕਿ ਘੱਟ ਗਿਣਤੀ ਭਾਈਚਾਰਿਆਂ ਦੇ ਬੰਦਿਆਂ ਨੂੰ ਜਬਰੀ ਚੁੱਕ ਲਿਆ ਜਾਂਦਾ ਹੈ, ਤਸੀਹੇ ਦਿੱਤੇ ਜਾਂਦੇ ਹਨ ਅਤੇ ਕਈਆਂ ਦਾ ਤਾਂ ਕਤਲ ਤਕ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿੰਧ ਦੇ ਸ਼ਹਿਰੀ ਇਲਾਕੇ 'ਚ ਕੋਟਾ ਪ੍ਰਣਾਲੀ ਵਿਤਕਰੇ ਭਰਪੂਰ ਹੈ ਜਿਸ ਦਾ ਆਰਥਿਕ ਅਤੇ ਸਮਾਜਿਕ ਪੱਧਰ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੁਲਿਸ 'ਚ ਸਥਾਨਕ ਲੋਕਾਂ ਦੀ ਨਫ਼ਰੀ ਬਹੁਤ ਘੱਟ ਹੈ। ਵਫ਼ਦ ਨੇ ਸੁਰੱਖਿਆ ਬਲਾਂ ਵੱਲੋਂ ਢਾਹੇ ਜਾਂਦੇ ਤਸ਼ੱਦਦ ਬਾਰੇ ਕਾਗਜ਼ਾਤ ਵੀ ਸੌਂਪੇ। ਕਾਨੂੰਨਸਾਜ਼ ਵੱਲੋਂ ਜਾਰੀ ਬਿਆਨ ਮੁਤਾਬਕ ਉਹ ਕਾਂਗਰਸ ਦੇ ਨਾਲ ਨਾਲ ਹੋਰ ਮੰਚਾਂ 'ਤੇ ਵੀ ਉਨ੍ਹਾਂ ਦੇ ਮੁੱਦਿਆਂ ਨੂੰ ਉਠਾਉਣਗੇ।

# ਮਾਸਕੋ ਗੱਲਬਾਤ ਵਿਚ ਹਿੱਸਾ ਲੈਣਗੇ ਤਾਲਿਬਾਨ

**ਇਸਲਾਮਾਬਾਦ–** ਤਾਲਿਬਾਨ ਦਾ ਕਹਿਣਾ ਹੈ ਕਿ ਉਹ ਮਾਸਕੋ ਵਿਚ ਹੋਣ ਵਾਲੀ ਅੰਤਰ-ਅਫਗਾਨ ਗੱਲਬਾਤ ਵਿਚ ਹਿੱਸਾ ਲੈਣਗੇ ਜਿਸਦਾ ਮਕਸਦ ਅਫਗਾਨਿਸਤਾਨ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਇਕੱਠਾ ਕਰਨਾ ਹੈ, ਜਿਨ੍ਹਾਂ ਵਿਚ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ, ਵਿਰੋਧੀ ਧਿਰ ਅਤੇ ਕਬਾਇਲੀ ਆਗੂ ਸ਼ਾਮਲ ਹਨ। ਰੂਸ ਦੀ ਰਾਜਧਾਨੀ ਵਿਚ ਮੰਗਲਵਾਰ ਤੋਂ ਸ਼ੁਰੂ ਹੋ ਰਹੀ ਇਸ ਦੋ ਰੋਜ਼ਾ ਮੀਟਿੰਗ ਨੂੰ ਅਫਗਾਨਿਸਤਾਨ ਵਿਚ ਪਿਛਲੇ 17 ਸਾਲਾਂ ਤੋਂ ਚੱਲ ਰਹੀ ਜੰਗ ਦੇ ਸੰਕਟ ਨੂੰ ਹੱਲ ਕਰਨ ਦੀ ਪ੍ਰਕਿਰਿਆ ਵਿਚ ਅਹਿਮ ਕਦਮ ਵਜੋਂ ਵੇਖਿਆ ਜਾ ਰਿਹਾ ਹੈ। ਇਹ ਪ੍ਰਕਿਰਿਆ ਬੀਤੇ ਸਾਲ ਸਤੰਬਰ ਮਹੀਨੇ ਵਿਚ ਅਮਰੀਕਾ ਦੇ ਸ਼ਾਂਤੀ ਦੂਤ ਜ਼ਾਲਮੇ ਖਲੀਲਜ਼ਾਦ ਦੀ ਨਿਯੁਕਤੀ ਨਾਲ ਤੇਜ਼ ਹੋ ਗਈ ਸੀ। ਖਲੀਲਜ਼ਾਦ ਵੱਲੋਂ ਤਾਲਿਬਾਨ ਨਾਲ ਵੱਖਰੇ ਤੌਰ ਉੱਤੇ ਵੀ ਗੱਲਬਾਤ ਕੀਤੀ ਜਾ ਰਹੀ ਹੈ ਭਾਵੇਂ ਕਿ ਉਸ ਵੱਲੋਂ ਸਾਰੀਆਂ ਧਿਰਾਂ ਵਿਚ ਗੱਲਬਾਤ ਉੱਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ, ਜਿਸ ਨਾਲ ਅਫਗਾਨਿਸਤਾਨ ਦੀਆਂ ਸਾਰੀਆਂ ਮੁੱਖ ਧਿਰਾਂ ਇਕੱਠੀਆਂ ਹੋ ਸਕਣ। ਦੂਜੇ ਪਾਸੇ, ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਦੇ ਦਫਤਰ ਨੇ ਮਾਸਕੋ ਵਿਚ ਹੋਣ ਵਾਲੀ ਇਸ ਮੀਟਿੰਗ ਦੀ ਨਿਖੇਧੀ ਕੀਤੀ ਹੈ ਜਿਸਦਾ ਕਹਿਣਾ ਹੈ ਕਿ ਇਸ ਮੀਟਿੰਗ ਵਿਚ ਹਿੱਸਾ ਲੈਣ ਵਾਲੇ ਅਫ਼ਗਾਨਿਸਤਾਨੀ ਆਗੂ ਸੱਤਾ ਹਾਸਲ ਕਰਨ ਲਈ ਅਜਿਹਾ ਕਰ ਰਹੇ ਹਨ। ਗਨੀ ਦੇ ਮੁੱਖ ਸਲਾਹਕਾਰ ਫੈਜ਼ਲ ਫਾਜ਼ਲੀ ਨੇ ਟਵੀਟ ਕੀਤਾ,'ਇਹ ਮੁਲਾਕਾਤ ਅਫ਼ਸੋਸਜਨਕ ਹੈ।' ਤਾਲਿਬਾਨ ਦੇ ਰਾਜਸੀ ਦਫਤਰ ਦੇ ਬੁਲਾਰੇ ਸੁਹੇਲ ਸ਼ਾਹੀਨ ਨੇ ਤਾਲਿਬਾਨ ਵੱਲੋਂ ਇਸ ਗੱਲਬਾਤ ਵਿਚ ਸ਼ਾਮਲ ਹੋਣ ਦੀ ਗੱਲ ਨੂੰ ਪੁਖਤਾ ਕੀਤਾ ਹੈ। ਤਾਲਿਬਾਨ ਦੇ ਵਫ਼ਦ ਦੀ ਅਗਵਾਈ ਸ਼ੇਰ ਮੁਹੰਮਦ ਅੱਬਾਸ ਸਤਾਨਿਕਜਈ ਵੱਲੋਂ ਕੀਤੀ ਜਾਵੇਗੀ।



**ਤਾਲਿਬਾਨ ਹਮਲਿਆਂ 'ਚ 21 ਹਲਾਕ**

ਕਾਬੁਲ- ਤਾਲਿਬਾਨ ਲੜਾਕਿਆਂ ਵੱਲੋਂ ਸੋਮਵਾਰ ਰਾਤ ਉੱਤਰੀ ਬਗ਼ਲਾਨ ਸੂਬੇ ਵਿੱਚ ਪੁਲੀਸ ਚੌਕੀ ਅਤੇ ਇਸ ਤੋਂ ਪਹਿਲਾਂ ਉੱਤਰੀ ਸਮਾਂਗਨ ਸੂਬੇ ਵਿੱਚ ਇਕ ਪਿੰਡ ਨੂੰ ਨਿਸ਼ਾਨਾ ਬਣਾ ਕੇ ਕੀਤੇ ਦੋ ਵੱਖ ਵੱਖ ਹਮਲਿਆਂ ਵਿੱਚ 11 ਪੁਲੀਸ ਕਰਮੀਆਂ ਸਮੇਤ 21 ਵਿਅਕਤੀਆਂ ਦੀ ਜਾਨ ਜਾਂਦੀ ਰਹੀ। ਇਹ ਹਮਲਾ ਅਜਿਹੇ ਸਮੇਂ ਹੋਇਆ ਹੈ ਜਦੋਂ ਤਾਲਿਬਾਨ ਦੇ ਨੁਮਾਇੰਦਿਆਂ ਵੱਲੋਂ ਮਾਸਕੋ ਵਿੱਚ ਉੱਘੇ ਅਫ਼ਗ਼ਾਨ ਆਗੂਆਂ ਜਿਨ੍ਹਾਂ ਵਿੱਚ ਸਾਬਕਾ ਅਫ਼ਗ਼ਾਨ ਸਦਰ ਹਾਮਿਦ ਕਰਜ਼ਈ, ਵਿਰੋਧੀ ਧਿਰ ਦੇ ਆਗੂ ਤੇ ਕਬਾਇਲੀ ਜਥੇਬੰਦੀਆਂ ਦੇ ਵੱਡੇ-ਵਡੇਰੇ ਸ਼ਾਮਲ ਹਨ, ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਅਧਿਕਾਰੀਆਂ ਮੁਤਾਬਕ ਕਾਬੁਲ ਸਰਕਾਰ ਨੂੰ ਇਨ੍ਹਾਂ ਮੀਟਿੰਗਾਂ 'ਚੋਂ ਲਾਂਭੇ ਰੱਖਿਆ ਗਿਆ ਹੈ। ਸੂਬਾਈ ਕੌਂਸਲ ਦੇ ਮੁਖੀ ਸਫ਼ਦਰ ਮੋਹਸਿਨੀ ਨੇ ਕਿਹਾ ਕਿ ਤਾਲਿਬਾਨ ਲੜਾਕਿਆਂ ਨੇ ਸੋਮਵਾਰ ਰਾਤ ਨੂੰ ਪੁਲੀਸ ਨਾਕੇ 'ਤੇ ਕੀਤੇ ਹਮਲੇ ਵਿੱਚ ਸੂਬੇ ਦੇ ਬਗ਼ਲਾਨੀ ਮਾਰਕਾਜ਼ੀ ਜ਼ਿਲ੍ਹੇ ਵਿੱਚ ਮੁਕਾਮੀ ਪੁਲੀਸ ਬਲ ਨੂੰ ਨਿਸ਼ਾਨਾ ਬਣਾਇਆ। ਮੋਹਸਿਨੀ ਮੁਤਾਬਕ ਹਮਲੇ ਦੌਰਾਨ ਲਗਪਗ ਦੋ ਘੰਟੇ ਤਕ ਗੋਲੀਬਾਰੀ ਹੁੰਦੀ ਰਹੀ। ਹਮਲੇ ਵਿੱਚ ਪੰਜ ਪੁਲੀਸ ਕਰਮੀ ਜ਼ਖ਼ਮੀ ਹੋ ਗਏ। ਤਾਲਿਬਾਨੀ ਜਾਂਦੇ ਹੋਏ ਸਲਾਮਤੀ ਦਸਤਿਆਂ ਦੇ ਸਾਰੇ ਹਥਿਆਰ ਤੇ ਹੋਰ ਗੋਲੀਸਿੱਕਾ ਵੀ ਲੈ ਗਏ। ਇਸ ਤੋਂ ਪਹਿਲਾਂ ਤਾਲਿਬਾਨ ਨੇ ਉੱਤਰੀ ਸਮਾਂਗਨ ਸੂਬੇ ਦੇ ਇਕ ਪਿੰਡ ਵਿੱਚ ਮੁਕਾਮੀ ਸਰਕਾਰ-ਪੱਖੀ ਮਿਲੀਸ਼ੀਆ 'ਤੇ ਹੱਲਾ ਬੋਲਦਿਆਂ ਇਕ ਔਰਤ ਸਮੇਤ 10 ਵਿਅਕਤੀਆਂ ਨੂੰ ਮਾਰ ਮੁਕਾਇਆ। ਸੂਬਾਈ ਗਵਰਨਰ ਸੇਦਿਕ ਅਜ਼ੀਜ਼ੀ ਨੇ ਕਿਹਾ ਕਿ ਹਮਲੇ ਵਿੱਚ ਚਾਰ ਜਣੇ ਜ਼ਖ਼ਮੀ ਵੀ ਹੋਏ ਹਨ। ਅਜ਼ੀਜ਼ੀ ਮੁਤਾਬਕ ਤਾਲਿਬਾਨ ਨੇ ਮੁਕਾਮੀ ਪਿੰਡ ਵਾਸੀਆਂ ਜਿਨ੍ਹਾਂ ਵਿੱਚ ਔਰਤਾਂ ਤੇ ਬੱਚੇ ਵੀ ਸ਼ਾਮਲ ਹਨ, ਨੂੰ ਨਿਸ਼ਾਨਾ ਬਣਾਇਆ। ਪਿੰਡ ਸੂਬਾਈ ਸਦਰ ਮੁਕਾਮ ਤੋਂ ਕਾਫ਼ੀ ਦੂਰ ਹੋਣ ਕਰਕੇ ਪਿੰਡ ਵਾਸੀਆਂ ਨੇ ਖੇਤਰ ਦੀ ਸੁਰੱਖਿਆ ਲਈ ਆਪਣੇ ਖ਼ੁਦ ਦੇ ਮਿਲੀਸ਼ੀਆ ਰੱਖੇ ਹੋਏ ਹਨ।

# ਮਾਲਿਆ ਦੀਆਂ ਜਾਇਦਾਦਾਂ ਬੈਂਕਾਂ ਹਵਾਲੇ ਕਰਨ 'ਚ ਕੋਈ ਇਤਰਾਜ ਨਹੀਂ: ਈਡੀ

**ਮੁੰਬਈ–** ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਵਿਸ਼ੇਸ਼ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਭਗੌੜੇ ਕਾਰੋਬਾਰੀ ਵਿਜੈ ਮਾਲਿਆ ਦੀਆਂ ਜਾਇਦਾਦਾਂ ਨੂੰ ਬੈਂਕਾਂ ਦੇ ਕੰਸੋਰਟੀਅਮ (ਸਮੂਹ) ਦੇ ਹਵਾਲੇ ਕਰਨ ਵਿੱਚ ਕੋਈ ਇਤਰਾਜ ਨਹੀਂ ਹੈ, ਪਰ ਬੈਂਕਾਂ ਨੂੰ ਇਹ ਹਲਫੀਆ ਬਿਆਨ ਦੇਣਾ ਹੋਵੇਗਾ ਕਿ ਉਹ ਭਵਿੱਖ ਵਿੱਚ ਇਹ ਰਾਸ਼ੀ, ਜਿਸ 'ਤੇ ਬੈਂਕ ਆਪਣਾ ਦਾਅਵਾ ਜਤਾਉਂਦੇ ਹਨ, ਅਦਾਲਤ ਨੂੰ ਮੋੜ ਦੇਣਗੇ। ਬੈਂਕਾਂ ਦੇ ਕੰਸੋਰ-ਟੀਅਮ ਨੇ ਐਸਬੀਆਈ ਦੀ ਅਗਵਾਈ 'ਚ ਇਕ ਅਰਜ਼ੀ ਦਾਇਰ ਕਰਕੇ ਮਾਲਿਆ ਦੀਆਂ ਜਾਇਦਾਦਾਂ ਨੂੰ ਉਨ੍ਹਾਂ ਦੇ ਸਪੁਰਦ ਕੀਤੇ ਜਾਣ ਦੀ ਮੰਗ ਕੀਤੀ ਸੀ। ਕੰਸੋਰਟੀਅਮ ਮੁਤਾਬਕ ਬੈਂਕਾਂ ਵੱਲੋਂ ਜਿਹੜੀ ਰਾਸ਼ੀ ਦਾ ਦਾਅਵਾ ਕੀਤਾ ਜਾ ਰਿਹਾ ਹੈ, ਉਹ 6200 ਕਰੋੜ ਦੇ ਕਰੀਬ ਬਣਦੀ ਹੈ।



ਕਾਬਿਲੇਗੌਰ ਹੈ ਕਿ ਲੰਘੇ ਦਿਨੀਂ ਬਰਤਾਨਵੀ ਸਰਕਾਰ ਨੇ ਭਗੌੜੇ ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਨੂੰ ਭਾਰਤ ਵਾਪਸ ਭੇਜਣ ਦੇ ਹੁਕਮਾਂ 'ਤੇ ਸਹੀ ਪਾ ਦਿੱਤੀ ਸੀ। ਕਿੰਗਫ਼ਿਸ਼ਰ ਏਅਰਲਾਈਨਜ਼ ਦਾ ਸਾਬਕਾ ਮੁਖੀ ਮਾਲਿਆ ਭਾਰਤ ਵਿੱਚ ਵੱਖ ਵੱਖ ਬੈਂਕਾਂ ਨਾਲ ਨੌਂ ਹਜ਼ਾਰ ਕਰੋੜ ਰੁਪਏ ਦੀ ਧੋਖਾਧੜੀ ਲਈ ਲੋੜੀਂਦਾ ਹੈ। ਉਂਜ ਬਰਤਾਨਵੀ ਸਰਕਾਰ ਦੀ ਇਸ ਪਹਿਲਕਦਮੀ ਦੇ ਬਾਵਜੂਦ ਮਾਲਿਆ ਨੂੰ ਫੌਰੀ ਭਾਰਤ ਲਿਆਉਣਾ ਹਾਲ ਦੀ ਘੜੀ ਮੁਸ਼ਕਲ ਹੈ। ਕਿਉਂਕਿ ਇਸ ਭਗੌੜੇ ਕਾਰੋਬਾਰੀ ਕੋਲ ਅਜੇ ਹਾਈ ਕੋਰਟ, ਸੁਪਰੀਮ ਕੋਰਟ ਤੇ ਮਗਰੋਂ ਯੂਰੋਪੀ ਕੋਰਟ ਵਿੱਚ ਅਪੀਲ ਦਾ ਬਦਲ ਮੌਜੂਦ ਹੈ ਤੇ ਕਾਨੂੰਨੀ ਅੜਿੱਕਿਆਂ ਨੂੰ ਪਾਰ ਕਰਦਿਆਂ ਮਹੀਨਿਆਂਬੱਧੀ ਸਮਾਂ ਲੱਗ ਸਕਦਾ ਹੈ।






ਸ੍ਰੀ ਗੁਰੂ ਰਵਿਦਾਸ ਜੀ

ੴ ਸਤਿਗੁਰ ਪ੍ਰਸਾਦਿ॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ॥

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 642ਵੇਂ ਪ੍ਰਕਾਸ਼ ਪੁਰਬ ਅਤੇ 19ਵੇਂ ਮਹਾਨ ਨਗਰ ਕੀਰਤਨ ਜੋ ਕਿ ਮਾਰਚ 10, 2019 ਨੂੰ ਸਜਾਇਆ ਜਾ ਰਿਹਾ ਹੈ, ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਵਿਚ 8ਵੇਂ ਅਖੰਡ ਪਾਠ ਸਾਹਿਬ ਦੀ ਸੇਵਾ



ਸ੍ਰੀ ਗੁਰੂ ਨਾਨਕ ਦੇਵ ਜੀ


ਆਰੰਭ: ਸ਼ੁੱਕਰਵਾਰ, 8 ਫਰਵਰੀ
ਭੋਗ: ਐਤਵਾਰ, 10 ਫਰਵਰੀ
ਅਰਦਾਸ: 11:00 ਵਜੇ ਸਵੇਰੇ, ਕੀਰਤਨ: 11:30 ਵਜੇ ਦੁਪਹਿਰ
ਦੀਵਾਨ: 9:30 ਵਜੇ ਸਵੇਰ ਤੋਂ 1:30 ਵਜੇ ਦੁਪਹਿਰ

ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਹਿਤ ਦਰਸ਼ਨ ਦੇ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸਥਾਨ: ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ

**6221 16th Street Rio Linda, CA-95673 Ph: (916) 992-1710**

**ਵੱਲੋਂ; ਗੁਰੂ ਘਰ ਦੇ ਸੇਵਕ ਟਰੱਕ ਡਰਾਇਵਰ ਵੀਰ ਅਤੇ ਸਮੂਹ ਸੰਗਤਾਂ**




ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ **642ਵਾਂ ਪ੍ਰਕਾਸ਼ ਦਿਹਾੜਾ ਮਿਤੀ 18 ਫਰਵਰੀ 2019** ਦਿਨ ਸੋਮਵਾਰ ਨੂੰ ਸ਼ਾਮ 5:30 ਤੋਂ ਰਾਤ 12.30 ਵਜੇ ਤੱਕ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਜੀ। 18 ਫਰਵਰੀ ਦਿਨ ਸੋਮਵਾਰ ਨੂੰ ਸ਼ਾਮ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ ਜੀ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਹਜੂਰੀ ਜਥਾ, ਭਾਈ ਦਰਸ਼ਨ ਸਿੰਘ ਜੀ, ਢਾਡੀ ਜਥਾ ਲਖਵਿੰਦਰ ਸਿੰਘ ਸੋਹਲ ਜੀ, ਪੰਜਾਬ ਦੀ ਮਸ਼ਹੂਰ ਆਵਾਜ਼ ਬੀਬੀ ਅੰਮ੍ਰਿਤਾ ਵਿਰਕ ਹਰਿ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

ਸੇਵਾ ਪਰਿਵਾਰਾਂ ਵਲੋ ਆਪ ਸਭ ਨੂੰ ਬੇਨਤੀ ਹੈ ਕਿ ਇਸ ਸ਼ੁੱਭ ਮੌਕੇ ਤੇ ਹਾਜਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਵੱਲੋਂ: ਸੇਵਾ ਪਰਿਵਾਰ**

ਦਲਵਿੰਦਰ ਰੱਲ੍ਹ (ਪ੍ਰਧਾਨ) 530-933-3938
ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸਕੱਤਰ) 530-713-1823
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-682-3612

ਸ੍ਰੀ ਪ੍ਰਸ਼ੋਤਮ ਸੂਦ (ਚੇਅਰਮੈਨ) 530-845-4508
ਸ੍ਰੀ ਜਸਪਾਲ ਜੱਸਲ (ਵਾਈਸ ਕੈਸ਼ੀਅਰ) 510-894-9653
ਵਿਜੇ ਸਰੋਆ (ਟਰੱਸਟੀ)



SHRI GURU RAVIDASS TEMPLE 1480 HAYNE AVE YUBA CITY CA 95993

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ

ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਮਿਤੀ 22, 23, 24 ਫਰਵਰੀ 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 22 ਫਰਵਰੀ 2019 ਦਿਨ ਸ਼ੁੱਕਰਵਾਰ ਨੂੰ ਸਵੇਰੇ 9-10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਅਤੇ 10.30 ਵਜੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ। 23 ਫਰਵਰੀ ਨੂੰ 5.30 ਤੋਂ 7 ਵਜੇ ਤੱਕ ਬੱਚਿਆਂ ਵੱਲੋਂ ਕੀਰਤਨ ਹੋਵੇਗਾ। 24 ਫਰਵਰੀ ਨੂੰ 10:30 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਸ ਉਪਰੰਤ ਕੀਰਤਨ ਦਰਬਾਰ ਤੇ ਕਥਾ ਦੀ ਵਿਚਾਰਾਂ ਹੋਣਗੀਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਇਸ ਮੌਕੇ ਪ੍ਰਸਿੱਧ ਰਾਗੀ/ਕੀਰਤਨ ਜਥਿਆਂ ਵਿਚ ਜੋਗਿੰਦਰ ਸਿੰਘ ਚੰਦਨ, ਯੋਧਾਵਰ ਸਿੰਘ, ਸੁਖਵਿੰਦਰ ਸਿੰਘ, ਹਰਬਲਾਸ ਸਿੰਘ, ਬਘੇਲ ਸਿੰਘ ਆਪਣੇ ਰਸਭਿੰਨਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



## ਪ੍ਰੋਗਰਾਮਾਂ ਦਾ ਵੇਰਵਾ

**22 ਫਰਵਰੀ 2019** ਦਿਨ ਸ਼ੁੱਕਰਵਾਰ ਸਵੇਰੇ 9-10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਅਤੇ 10.30 ਵਜੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ।

**23 ਫਰਵਰੀ** ਨੂੰ 5.30 ਤੋਂ 7 ਵਜੇ ਤੱਕ ਬੱਚਿਆਂ ਵੱਲੋਂ ਕੀਰਤਨ ਹੋਵੇਗਾ।

**24 ਫਰਵਰੀ** ਨੂੰ 10:30 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

**ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਉਤਸ਼ਾਹ ਨਾਲ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**




### ਸੰਗਤ ਦੇ ਸੇਵਾਦਾਰ

**ਗੁਰੂ ਘਰ ਦਾ ਫੋਨ ਨੰਬਰ**
559-891-8286

**ਮਾਸਟਰ ਗੁਰਬਚਨ ਸਿੰਘ**
559-375-4691

**ਦੇਵਰਾਜ ਸਿੰਘ**
559-916-6202

**ਸੁਲੱਖਣ ਸਿੰਘ**
559-285-1288

**ਮਨੋਹਰ ਗਾਦੜਾ**
559-546-3437

## 2650 Blaine Avenue Selma (CA) 93662

### ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਸਬੰਧੀ

# ਗੁਰੂ ਰਵਿਦਾਸ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ






ਕੁਲਦੀਪ ਚੰਦ
91-9417563054


ਇਤਿਹਾਸ ਗਵਾਹ ਹੈ ਕਿ ਇਸ ਧਰਤੀ ਤੇ ਫੈਲ ਰਹੀਆਂ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਸਮੇਂ ਸਮੇਂ ਤੇ ਮਨੁੱਖਤਾ ਦੇ ਰਹਿਵਰਾਂ ਨੇ ਜਨਮ ਲਿਆ ਇਨ੍ਹਾਂ ਵਿਚ ਸ਼੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਿਲ ਹੈ ਜਿਨ੍ਹਾਂ ਨੇ ਉਸ ਵੇਲੇ ਫੈਲੀ ਊਚ ਨੀਚ ਦੀ ਬੁਰਾਈ ਖਿਲਾਫ ਅਵਾਜ਼ ਬੁਲੰਦ ਕੀਤੀ। ਸ਼੍ਰੀ ਗੁਰੂ ਰਵਿਦਾਸ ਜੀ ਦੇ ਸਮੇਂ ਸਮਾਜ ਜਾਤ-ਪਾਤ, ਕਰਮਕਾਂਡਾਂ, ਧਾਰਮਿਕ ਕੱਟੜਤਾ ਆਦਿ ਕੁਰੀਤੀਆਂ ਨਾਲ ਗ੍ਰਸਤ ਸੀ। ਉਸ ਵੇਲੇ ਪ੍ਰਚਲਿਤ ਮੰਨੂਵਾਦੀ ਪ੍ਰਥਾ ਅਨੁਸਾਰ ਕਾਇਮ ਜਾਤਿ ਪ੍ਰਥਾ ਦੇ ਢਾਂਚੇ ਅਨੁਸਾਰ ਉਸ ਵੇਲੇ ਚੋਥਾ ਵਰਣ ਮੰਨੇ ਜਾਂਦੇ ਸ਼ੂਦਰਾਂ ਨੂੰ ਕਿਸੇ ਵੀ ਤਰਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ ਅਤੇ ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਸੀ। ਕੁੱਝ ਅਖੋਤੀ ਵਿਦਵਾਨ ਲੋਕ ਧਾਰਮਿਕ ਗ੍ਰੰਥਾ ਦੀ ਮਨਘੱੜਤ ਵਿਆਖਿਆ ਕਰਦੇ ਸਨ ਅਤੇ ਇਹ ਗੱਲ ਫੈਲਾਈ ਹੋਈ ਸੀ ਕਿ ਸ਼ੂਦਰਾਂ ਨੂੰ ਨਾਂ ਵੇਦ ਪਾਠ ਪੜ੍ਹਣ ਨਾਂ ਹੀ ਸੁਣਨ ਦੇਣਾ ਚਾਹੀਦਾ ਹੈ। ਇਸ ਕਾਰਨ ਕਿਸੇ ਵੀ ਤਰਾਂ ਦਾ ਧਾਰਮਿਕ ਪਾਠ ਕਰਨ ਵਾਲੇ ਸ਼ੂਦਰਾਂ ਦੀ ਜੀਭ ਕੱਟਣ ਅਤੇ ਵੇਦ ਪਾਠ ਸੁਣਨ ਵਾਲੇ ਸ਼ੂਦਰਾਂ ਦੇ ਕੰਨਾ ਵਿੱਚ ਸਿੱਕਾ ਪਿਘਲਾਕੇ ਪਾਣ ਦੇ ਹੁਕਮ ਲਾਗੂ ਸਨ। ਬਨਾਰਸ ਇਸ ਬ੍ਰਾਹਮਣਵਾਦੀ ਪ੍ਰਥਾ ਦਾ ਕੇਂਦਰ ਸੀ ਅਤੇ ਇੱਥੋਂ ਹੀ ਇਸ ਪ੍ਰਥਾ ਖਿਲਾਫ ਮੁਹਿੰਮ ਸੁਰੂ ਹੋਈ ਜਿਸ ਵਿੱਚ ਸਤਿਗੁਰੂ ਕਬੀਰ ਮਹਾਰਾਜ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੀ ਮੁੱਖ ਭੂਮਿਕਾ ਰਹੀ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ, ਜਨਮ ਸਥਾਨ ਅਤੇ ਜੋਤੀ ਜੋਤ ਸਮਾਉਣ ਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਬਹੁਤੇ ਵਿਦਵਾਨਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ 1377 ਇਸਵੀ ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾ ਦੇਵੀ ਦੇ ਘਰ ਬਨਾਰਸ (ਵਾਰਾਨਸੀ) ਦੀ ਬਸਤੀ 'ਸੀਰ ਗੋਵਰਧਨਪੁਰ' ਵਿਖੇ ਹੋਇਆ। ਆਪ ਦਾ ਜਨਮ ਦਿਵਸ ਹਰ ਸਾਲ ਮਾਘ ਮਹੀਨੇ ਦੀ ਪੂਰਣਮਾਸ਼ੀ ਨੂੰ ਆਂਦਾ ਹੈ। ਵੱਖ ਵੱਖ ਵਿਦਵਾਨਾਂ ਵਲੋਂ ਗੁਰੂ ਰਵਿਦਾਸ ਜੀ ਨੂੰ ਵੱਖ ਵੱਖ ਨਾਵਾਂ ਰਵਿਦਾਸ, ਰੈਦਾਸ, ਰਾਇਦਾਸ, ਰੁਹਿਦਾਸ ਆਦਿ ਨਾਲ ਸੰਬੋਧਨ ਕੀਤਾ ਜਾ ਰਿਹਾ ਹੈ। ਇਸੇ ਤਰਾਂ ਕੁੱਝ ਲੋਕ ਗੁਰੂ ਜੀ ਨੂੰ ਸੰਤ, ਭਗਤ ਆਦਿ ਨਾਲ ਸੰਬੋਧਨ ਕਰਦੇ ਹਨ। ਇਸ ਨਾਲ ਹੀ ਗੁਰੂ ਜੀ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਫੋਟੋਆਂ ਅਤੇ ਸਰੂਪਾਂ ਜਿਨ੍ਹਾਂ ਵਿੱਚ ਕਈਆਂ ਵਿੱਚ ਗੁਰੂ ਜੀ ਨੂੰ ਤਿਲਕਧਾਰੀ, ਕਈਆਂ ਵਿੱਚ ਸਿਰ ਢੱਕਿਆ ਹੋਇਆ ਹੈ, ਕਈਆਂ ਵਿੱਚ ਗੁਰੂ ਜੀ ਦੇ ਬਰਾਬਰ ਅਤੇ ਨਾਲ ਹੋਰ ਕਈ ਸਮਾਜ ਸੁਧਾਰਕਾਂ ਦੀਆਂ ਫੋਟੋਆਂ ਜੋੜੀਆਂ ਗਈਆਂ ਹਨ ਜੋਕਿ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਲਈ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ। ਗੁਰੂ ਰਵਿਦਾਸ ਜੀ ਨੇ ਆਪਣੇ ਪਿੱਤਰੀ ਅਰਥਾਤ ਬਜ਼ੁਰਗਾਂ ਵਾਲੇ ਕਿੱਤੇ ਨੂੰ ਅਪਣਾਇਆ ਅਤੇ ਇਸ ਵਿੱਚ ਹੀ ਸੰਤੋਖ ਗ੍ਰਹਿਣ ਕੀਤਾ। ਗੁਰੂ ਜੀ ਨੇ ਆਪ ਆਪਣੀ ਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੀਤਾ ਹੈ :

ਮੇਰੀ ਜਾਤੀ ਕੁਟ ਬਾਂਢਲਾ ਢੋਰ ਢੋਵੰਤਾ<br>
ਨਿਤਹਿ ਬਾਨਾਰਸੀ ਆਸ ਪਾਸਾ।।<br>
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ<br>
ਤੇਰੇ ਨਾਮ ਸਰਣਾਇ ਰਵਿਦਾਸ ।

ਆਪ ਅਪਣੇ ਹੱਥੀ ਕਿਰਤ ਕਰਦੇ ਅਤੇ ਲੋੜਵੰਦ ਲੋਕਾਂ ਦੀ ਮੱਦਦ ਕਰਦੇ ਅਤੇ ਰੱਬ ਦੀ ਭਗਤੀ ਕਰਦੇ। ਆਪਜੀ ਨੇ ਅਪਣੇ ਸਮਕਾਲੀ ਸੰਤ ਮਹਾਂਪੁਰਖਾਂ ਬਾਰੇ ਵੀ ਅਪਣੀ ਬਾਣੀ ਵਿੱਚ ਡੂੰਘਾ ਵਿਚਾਰ ਵਟਾਂਦਰਾ ਕੀਤਾ ਹੈ।

ਨਾਮਦੇਵ, ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।।<br>
ਕਹਿ ਰਵਿਦਾਸੁ ਸਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਗੁਰੂ ਰਵਿਦਾਸ ਜੀ ਅਨੁਸਾਰ ਪ੍ਰਮਾਤਮਾ ਕੋਈ ਰਹੱਸ ਨਹੀਂ ਹੈ ਸਗੋਂ ਪ੍ਰਮਾਤਮਾ ਤਾਂ ਹਰ ਕਣ ਵਿੱਚ ਮੋਜੂਦ ਹੈ। ਗੁਰੂ ਰਵਿਦਾਸ ਜੀ ਨੇ ਪਰਮਾਤਮਾ ਵਿੱਚ ਆਪਣੀ ਹੋਂਦ ਦਾ ਵਰਣਨ ਕਰਦੇ ਹੋਏ ਕਿਹਾ ਹੈ:-

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ।।<br>
ਕਨਕ ਕਟਿਕ ਜਲ ਤਰੰਗ ਜੈਸਾ।।

ਗੁਰੂ ਰਵਿਦਾਸ ਜੀ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਆਪਜੀ ਨੇ ਆਪਣੀ ਬਾਣੀ ਅਤੇ ਪ੍ਰਵਚਨਾਂ ਦੁਆਰਾ ਪਖੰਡਵਾਦ ਅਤੇ ਊਚ ਨੀਚ ਦੇ ਭੇਦਭਾਵ ਨੂੰ ਦੂਰ ਕਰਨ ਲਈ ਉੱਘਾ ਯੋਗਦਾਨ ਪਾਇਆ। ਆਪ ਸ਼੍ਰੋਮਣੀ ਵਿਦਵਾਨਾਂ, ਭਗਤਾਂ, ਪੀਰਾਂ-ਪੈਗੰਬਰਾਂ, ਰਿਸ਼ੀਮੁਨੀਆਂ ਵਿੱਚ ਇੱਕ ਉਚਕੋਟੀ ਦੀ ਸ਼ਖਸੀਅਤ ਸਨ ਅਤੇ ਆਪ ਦੀ ਬਾਣੀ (40 ਸ਼ਬਦਾਂ ਅਤੇ 01 ਸ਼ਲੋਕ) ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨਾਂ ਜੀ ਦੀ ਬਾਣੀ ਨਾਲ ਸ਼ਾਮਿਲ ਕੀਤਾ ਗਿਆ। ਅਗਿਆਨਤਾ ਅਤੇ ਗਰੀਬੀ ਇਸ ਸਮਾਜ ਦੀ ਪਹਿਚਾਣ ਬਣ ਚੁੱਕੀ ਸੀ। ਗੁਰੂ ਜੀ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:-

ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।।

ਗੁਰੂ ਰਵਿਦਾਸ ਜੀ ਗ੍ਰਹਿਸਥ ਜੀਵਨ ਬਤੀਤ ਕਰਦੇ ਹੋਏ, ਹੱਥੀਂ ਕੰਮ ਕਰਨ ਨੂੰ ਹੀ ਰੱਬ ਦੀ ਭਗਤੀ ਮੰਨਦੇ ਸਨ। ਗੁਰੂ ਰਵਿਦਾਸ ਕਥਨੀ ਅਤੇ ਕਰਨੀ ਦੇ ਧਨੀ ਸਨ। ਉਨ੍ਹਾਂ ਨੇ ਜਿਹੜਾ ਉਪਦੇਸ਼ ਲੋਕਾਂ ਨੂੰ ਦਿੱਤਾ ਹੈ ਪਹਿਲਾਂ ਉਸਤੇ ਆਪ ਅਮਲ ਕੀਤਾ। ਲੋਕਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਤਦ ਹੀ ਉਨ੍ਹਾਂ ਨੇ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਹਿਲਾਂ ਆਪ ਇਸ ਸਿਧਾਂਤ ਉਪਰ ਅਮਲ ਕੀਤਾ ਸੀ। ਆਪ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਸੀ ਕਿ ਭਗਵਾਨ, ਪਰਮਾਤਮਾ, ਈਸ਼ਵਰ, ਅੱਲ੍ਹਾ, ਖ਼ੁਦਾ, ਰਹੀਮ ਆਦਿ ਸਭ ਇੱਕੋਂ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ ਜਿਸਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਉਸ ਵੇਲੇ ਕੁੱਝ ਅਖੌਤੀ ਲੋਕਾਂ ਨੇ ਹਰ ਸੰਭਵ ਕੋਸ਼ਿਸ਼ ਦੁਆਰਾ ਗੁਰੂ ਜੀ ਦੇ ਮਿਸ਼ਨ-ਪ੍ਰਚਾਰ ਵਿੱਚ ਰੋਕਾਂ ਪਾਈਆਂ ਪਰ ਹਰ ਵਾਰ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਉਸ ਵੇਲੇ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਅੰਧ ਵਿਸ਼ਵਾਸ਼ਾਂ ਨੂੰ ਤੋੜਕੇ ਇੱਕ ਮਹਾਨ ਸਮਾਜ ਸੁਧਾਰਕ ਦਾ ਕੰਮ ਕੀਤਾ ਸੀ। ਗੁਰੂ ਰਵਿਦਾਸ ਜੀ ਨੇ ਇਸ ਤਰਾਂ ਦੇ ਰਾਜ ਦੀ ਕਲਪਨਾ ਕੀਤੀ ਸੀ:-

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ,<br>
ਛੋਟ-ਬੜੇ ਸਭ ਸਮ ਵਸੇ ਰਵਿਦਾਸ ਰਹੇ।

ਸਤਿਗੁਰੂ ਕਬੀਰ ਜੀ ਨੇ ਵੀ ਅਪਣੀ ਬਾਣੀ ਵਿੱਚ ਕਿਹਾ ਹੈ ਕਿ ਗੁਰੂ ਰਵਿਦਾਸ ਜੀ ਹਰੀ ਤੋਂ ਇਲਾਵਾ ਕਿਸੇ ਹੋਰ ਵਿੱਚ ਸ਼ਰਧਾ ਨਹੀਂ ਰੱਖਦੇ ਸਨ:

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।।<br>
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।

ਗੁਰੂ ਰਵਿਦਾਸ ਜੀ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਵੱਖ ਵੱਖ ਇਲਾਕਿਆਂ ਵਿੱਚ ਜਾਕੇ ਕੰਮ ਕੀਤਾ ਅਤੇ ਛੇ ਉਦਾਸੀਆਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਵਿੱਚ ਗੁਰੂ ਜੀ ਨਾਲ ਉਸ ਸਮੇਂ ਦੇ ਹੋਰ ਸੰਤ ਵੀ ਸ਼ਾਮਿਲ ਸਨ। ਆਪਜੀ ਪਹਿਲੀ ਉਦਾਸੀ ਦੌਰਾਨ ਨਾਗਪੁਰ, ਭਾਗਲਪੁਰ, ਬੀਜਾਪੁਰ, ਭੋਪਾਲ, ਅਜਮੇਰ, ਅਯੁਧਿਆ, ਹੈਦਰਾਬਾਦ, ਬੰਬਈ, ਕਰਾਚੀ, ਚਿਤੌੜ, ਜਲਾਲਾਬਾਦ, ਸ਼੍ਰੀਨਗਰ, ਡਲਹੌਜੀ, ਗੋਰਖਪੁਰ ਆਦਿ ਸਥਾਨਾਂ ਤੇ ਗਏ। ਇਸ ਮੌਕੇ ਆਪਜੀ ਦਾ ਪੁੱਤਰ ਵਿਜੈ ਦਾਸ ਅਤੇ ਸਤਿਗੁਰੂ ਕਬੀਰ ਜੀ ਵੀ ਨਾਲ ਸਨ। ਦੂਜੀ ਉਦਾਸੀ ਦੌਰਾਨ ਆਪ ਗੋਰਖਪੁਰ, ਪ੍ਰਤਾਪਗੜ, ਸ਼ਾਹਜਹਾਂਪੁਰ ਆਦਿ ਸਥਾਨਾਂ ਤੇ ਗਏ। ਤੀਜੀ ਉਦਾਸੀ ਦੌਰਾਨ ਆਪ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਸਥਾਨਾਂ ਤੇ ਗਏ। ਚੋਥੀ ਉਦਾਸੀ ਦੌਰਾਨ ਆਪ ਵੱਖ ਵੱਖ ਤੀਰਥ ਸਥਾਨਾਂ ਹਰਿਦੁਆਰ, ਗੋਦਾਵਰੀ, ਕੁਰਕੁਸ਼ੇਤਰ, ਤਰਿਵੈਣੀ ਆਦਿ ਸਥਾਨਾਂ ਤੇ ਗਏ। ਪੰਜਵੀ ਉਦਾਸੀ ਆਪਜੀ ਨੇ ਗਾਜੀਪੁਰ ਦੀ ਕੀਤੀ। ਛੇਵੀਂ ਉਦਾਸੀ ਗੁਰੂ ਰਵਿਦਾਸ ਜੀ ਨੇ ਪੰਜਾਬ ਦੀ ਕੀਤੀ। ਆਪਜੀ ਲੁਧਿਆਣਾ ਹੁੰਦੇ ਹੋਏ ਪਿੰਡ ਚੱਕ ਹਕੀਮ ਪਹੁੰਚੇ, ਜਲੰਧਰ, ਸੁਲਤਾਨਪੁਰ ਲੋਧੀ, ਕਪੂਰਥਲਾ, ਖੁਰਾਲਗੜ੍ਹ ਆਦਿ ਸਥਾਨਾਂ ਤੇ ਗਏ। ਇਤਿਹਾਸਕ ਧਰਮ ਅਸਥਾਨ ਖੁਰਾਲਗੜ੍ਹ (ਖੁਰਾਲੀ), ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ (ਪੰਜਾਬ) ਦੀ ਧਰਤੀ ਸ਼੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਤਿਹਾਸਕਾਰਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਸੀਰ ਗੋਵਰਧਨਪੁਰ ਬਨਾਰਸ (ਕਾਂਸ਼ੀ) ਯੂ. ਪੀ. ਤੋਂ ਪੈਦਲ ਲੁਧਿਆਣਾ ਹੁੰਦੇ ਹੋਏ ਸੰਨ 1515 ਈਸਵੀ ਵਿੱਚ ਇਸ ਅਸਥਾਨ ਤੇ ਆਏ ਸਨ। ਸ਼੍ਰੀ ਗੁਰੂ ਰਵਿਦਾਸ ਜੀ ਦੇ ਇਸ ਅਸਥਾਨ ਤੇ ਪਹੁੰਚਣ ਸਮੇਂ ਉਨ੍ਹਾਂ ਦੀਆਂ ਸੇਵਕਾਵਾਂ ਮੀਰਾ ਬਾਈ, ਝਾਲਾਂ ਬਾਈ ਅਤੇ ਭਾਨਵਤੀ ਜੀ ਵੀ ਨਾਲ ਸਨ। ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਇਸ ਅਸਥਾਨ ਤੇ 4 ਸਾਲ 2 ਮਹੀਨੇ 11 ਦਿਨ ਠਹਿਰੇ। ਇਸ ਸਮੇਂ ਉਹ ਖੁਦ ਪ੍ਰਭੂ ਦਾ ਨਾਮ ਸਿਮਰਨ ਕਰਦੇ, ਸੰਗਤਾਂ ਨੂੰ ਸੁਣਾਉਂਦੇ ਅਤੇ ਜੀਵਾਂ ਨੂੰ ਨਾਮ ਸਿਮਰਨ ਦੀ ਬਖਸ਼ਿਸ਼ ਕਰਦੇ ਰਹੇ। ਬਹੁਤ ਸਾਰੇ ਪ੍ਰਾਣੀ ਉਨ੍ਹਾਂ ਦੇ ਸੇਵਕ ਬਣ ਗਏ। ਗੁਰੂ ਜੀ ਦੀ ਮਹਿਮਾ ਨੂੰ ਵਧਦਿਆਂ ਵੇਖ ਕੇ ਉਸ ਸਮੇਂ ਦਾ ਰਾਜਾ ਬੈਨ ਸਿੰਘ ਗੁਰੂ ਜੀ ਨਾਲ ਈਰਖਾ ਕਰਨ ਲੱਗਾ। ਰਾਜੇ ਨੇ ਗੁਰੂ ਜੀ ਨੂੰ ਖਰਾਸ (ਚੱਕੀ) ਚਲਾਉਣ ਦੀ ਸ਼ਜਾ ਦਿੱਤੀ। ਗੁਰੂ ਜੀ ਅੰਤਰ ਧਿਆਨ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ ਅਤੇ ਖਰਾਸ (ਚੱਕੀ) ਆਪਣੇ ਆਪ ਚੱਲਣ ਲੱਗ ਪਈ। ਇਸ ਚਮਤਕਾਰ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਰਾਜਾ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਤਰ੍ਹਾਂ ਉਸਨੇ ਆਪਣੀ ਭੁੱਲ ਬਖਸ਼ਾਈ। ਇਸ ਤੋਂ ਬਾਅਦ ਰਾਜਾ ਅਤੇ ਇਲਾਕੇ ਦੀ ਜਨਤਾ ਨੇ ਗੁਰੂ ਜੀ ਕੋਲ ਇਸ ਇਲਾਕੇ ਵਿੱਚ ਪਾਣੀ ਦੀ ਘਾਟ ਦੂਰ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਸੰਗਤਾਂ ਨੂੰ ਨਾਲ ਲੈ ਕੇ ਇੱਥੋਂ 3 ਮੀਲ ਦੂਰ ਡੂੰਘੀ ਖੱਡ ਵਿਚ ਜਾ ਕੇ ਸੱਜੇ ਪੈਰ ਦੇ ਅੰਗੂਠੇ ਨਾਲ ਭਾਰੀ ਪੱਥਰ ਹਟਾ ਕੇ ਪਾਣੀ ਦਾ ਚਸ਼ਮਾ ਵਗਾ ਦਿੱਤਾ ਜਿਸ ਨੂੰ ਚਰਨ ਛੋਹ ਗੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਪਵਿੱਤਰ ਜਲ 24 ਘੰਟੇ ਚਲਦਾ ਰਹਿੰਦਾ ਹੈ। ਇਸ ਜਲ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ 200 ਮੀਟਰ ਦੇ ਅੰਦਰ ਹੀ ਧਰਤੀ ਵਿਚੋਂ ਨਿਕਲਦਾ ਹੈ ਅਤੇ ਇਸੇ ਹੀ ਥਾਂ ਰਹਿ ਜਾਂਦਾ ਹੈ। ਇਸ ਦੇ ਦੁਆਲੇ ਦੇ ਖੇਤਰ ਵਿਚ ਧਰਤੀ ਵਿੱਚ ਪਾਣੀ ਬਹੁਤ ਜ਼ਿਆਦਾ ਡੂੰਘਾਈ ਵਿਚ ਮਿਲਦਾ ਹੈ।

ਗੁਰੂ ਰਵਿਦਾਸ ਜੀ ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਵੱਡੇ ਸਨ। ਵੱਖ ਵੱਖ ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਆਪਸ ਵਿੱਚ ਤਿੰਨ ਮੁਲਾਕਾਤਾਂ ਹੋਈਆਂ। ਵਿਦਵਾਨਾਂ ਅਨੁਸਾਰ ਪਹਿਲੀ ਗੋਸ਼ਟੀ ਚੂੜਕਾਣੇ (ਨਨਕਾਣਾ ਸਾਹਿਬ) ਵਿਖੇ ਹੋਈ। ਗੁਰੂ ਰਵਿਦਾਸ ਜੀ, ਸੰਤ ਕਬੀਰ ਜੀ, ਸੰਤ ਸੇਨ ਜੀ, ਸੰਤ ਪੀਪਾ ਜੀ ਅਤੇ ਸੰਤ ਧੰਨਾ ਜੀ ਪੰਜਾਬ ਵਿੱਚ ਪ੍ਰਚਾਰ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਜਿਹੜੇ ਪੈਸੇ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ। ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਹੀ ਲਾਕੇ ਸੱਚਾ ਸੌਦਾ ਕੀਤਾ ਸੀ। ਦੂਜੀ ਮੁਲਾਕਾਤ ਅਤੇ ਗੋਸ਼ਟੀ ਸੁਲਤਾਨਪੁਰ ਵਿੱਚ ਉਸ ਸਮੇਂ ਹੋਈ ਜਦੋਂ ਗੁਰੂ ਰਵਿਦਾਸ ਜੀ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ-ਕਰਦੇ ਦੁਬਾਰਾ ਪੰਜਾਬ ਆਏ ਸਨ। ਤੀਜੀ ਗੋਸ਼ਟੀ ਕਾਸ਼ੀ ਵਿੱਚ ਗੋਪਾਲਦਾਸ ਦੀ ਬਗੀਚੀ ਜਿੱਥੇ ਹੁਣ 'ਗੁਰੂ ਕਾ ਬਾਗ' ਗੁਰਦੁਆਰਾ ਹੈ ਵਿੱਚ ਹੋਈ। ਗੁਰੂ ਰਵਿਦਾਸ ਜੀ ਨੇ ਆਪਣੇ ਸੰਘਰਸ਼ਮਈ ਜੀਵਨ ਦੁਆਰਾ ਸੁੱਤੇ ਹੋਏ ਭਾਰਤੀ ਸਮਾਜ ਨੂੰ ਜਗਾਇਆ। ਉਸ ਸਮੇਂ ਦੇ ਕਈ ਰਾਜਿਆਂ ਨੇ ਆਪਜੀ ਨੂੰ ਆਪਣਾ ਰਾਜਗੁਰੂ ਬਣਾਇਆ ਉਨ੍ਹਾਂ ਵਿੱਚ ਰਾਣਾ ਕੁੰਭਾ, ਰਾਜਾ ਨਾਗਰਮਲ, ਰਾਜਾ ਪੀਪਾ, ਰਾਜਾ ਬਹਾਦਰ ਸ਼ਾਹ, ਰਾਜਾ ਸਿਕੰਦਰ ਲੋਧੀ, ਪੰਡਿਤ ਸ਼ਰਧਾ ਰਾਮ, ਰਾਜਾ ਬੈਨ ਸਿੰਘ, ਰਾਮ ਲਾਲ, ਰਾਜਾ ਚੰਦਰਹਾਂਸ, ਪੰਡਿਤ ਗੰਗਾ ਰਾਮ, ਰਾਜਾ ਚੰਦਰ ਪ੍ਰਤਾਪ, ਰਾਉ ਦੂਦਾ, ਹਰਦੇਵ ਸਿੰਘ ਨਾਗਰ, ਵੀਰ ਸਿੰਘ ਬਘੇਲਾ, ਰਾਣਾ ਸਾਂਗਾ, ਬੀਬੀ ਭਾਨਮਤੀ, ਰਾਣੀ ਝਾਲੀ, ਮੀਰਾ ਬਾਈ ਪ੍ਰਸਿੱਧ ਹਨ। ਇਨ੍ਹਾਂ ਦੇ ਨਾਲ ਨਾਲ ਦੇਸ਼ ਵਿਦੇਸ਼ ਦੇ ਲੋਕਾਂ ਨੇ ਵੀ ਆਪਜੀ ਦੀ ਧਾਰਮਿਕ ਵਿਚਾਰਧਾਰਾ ਦਾ ਸਮਰਥਨ ਕੀਤਾ। ਬਾਬਰ ਜੋਕਿ ਮੁਗਲ ਸਮਰਾਜ ਦਾ ਪਹਿਲਾ ਸ਼ਾਸਕ ਸੀ ਅਤੇ 1526 ਵਿੱਚ ਪਾਨੀਪਤ ਦੀ ਲੜਾਈ ਜਿੱਤਕੇ ਦਿੱਲੀ ਤੇ ਕੱਬਜਾ ਕੀਤਾ ਸੀ ਗੁਰੂ ਜੀ ਦੇ ਅਧਿਆਤਮਕ ਵਿਚਾਰਾਂ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ। ਬਾਬਰ ਹੰਮਾਂਊ ਨਾਲ ਗੁਰੂ ਜੀ ਕੋਲ ਗਿਆ ਤਾਂ ਗੁਰੂ ਜੀ ਨੇ ਉਸ ਵਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਲਈ ਬਾਬਰ ਨੂੰ ਸਮਝਾਇਆ ਅਤੇ ਚੰਗੇ ਸਮਾਜਿਕ ਕਾਰਜ ਕਰਨ ਲਈ ਕਿਹਾ। ਬਾਬਰ ਵੀ ਗੁਰੂ ਜੀ ਤੋਂ ਪ੍ਰਭਾਵਿਤ ਹੋਇਆ।

ਬੇਗਮਪੁਰਾ ਸ਼ਹਿਰ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਇਕ ਐਸਾ ਸਥਾਨ ਹੈ, ਜਿੱਥੇ ਮਾਨਵਤਾ ਦੀ ਪੂਰੀ ਸੁਤੰਤਰਤਾ ਹੈ।

ਬੇਗਮਪੁਰਾ ਸਹਿਰ ਕੋ ਨਾਉ, ਦੂਖੁ ਅੰਦੋਹੁ ਨਹੀਂ ਤਿਹ ਠਾਓ।।<br>
ਨਾ ਤਸਵੀਸ ਖਿਰਾਜੁ ਨਾ ਮਾਲੁ। ਖਉਫੁ ਨ ਖਤਾ ਨ ਤਰਸੁ ਜਵਾਲੁ।।੧।।<br>
ਅਬ ਮੋਹਿ ਖੂਬ ਵਤਨ ਗਹ ਪਾਈ। ਉਹਾਂ ਖੈਰਿ ਸਦਾ ਮੇਰੇ ਪਾਈ।। ਰਹਾਉ।।<br>
ਕਾਇਮੁ ਦਾਇਮੁ ਸਦਾ ਪਾਤਿਸਾਹੀ। ਦੋਮ ਨ ਸੇਮ ਏਕ ਸੋ ਆਹੀ।।<br>
ਆਬਾਦਾਨੁ ਸਦਾ ਮਸਹੂਰ। ਉਹਾਂ ਗਨੀ ਬਸਹਿ ਮਾਮੂਰ।।੨।।<br>
ਤਿਉ ਤਿਉ ਸੈਲ ਕਰਹਿ ਜਿਉ ਭਾਵੈ। ਮਹਰਮ ਮਹਲ ਨ ਕੋ ਅਟਕਾਵੈ।<br>
ਕਹਿ ਰਵਿਦਾਸ ਖਲਾਸੁ ਚਮਾਰਾ। ਜੋ ਹਮ ਸਹਰੀ ਸੋ ਮੀਤੁ ਹਮਾਰਾ।।੩।।

ਸ਼੍ਰੀ ਗੁਰੂ ਰਵਿਦਾਸ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ:-

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।<br>
ਰਵਿਦਾਸ ਦਾਸ ਪ੍ਰਾਧੀਨ ਸੋਂ ਕੌਣ ਕਰੈ ਹੈ ਪ੍ਰੀਤ।<br>
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।<br>
ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।<br>
ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।<br>
ਇੱਕ ਸੁੱਖ ਹੈ ਸਵਰਾਜ ਮੰਹਿ ਦੂਸਰ ਮਰਘਟ ਗਾਂਵ।

ਆਪਜੀ ਨੇ ਉਸ ਵੇਲੇ ਫੈਲੀ ਬ੍ਰਾਹਮਣਵਾਦੀ ਪ੍ਰਥਾ ਜਿਸ ਵਿੱਚ ਇੱਕ ਬ੍ਰਾਹਮਣ ਨੂੰ ਸਭਤੋਂ ਵੱਧ ਪੂਜਨੀਕ ਅਤੇ ਸਨਮਾਨਯੋਗ ਮੰਨਿਆ ਜਾਂਦਾ ਸੀ ਦਾ ਵੀ ਕਰੜ੍ਹਾ ਵਿਰੋਧ ਕੀਤਾ:

ਬ੍ਰਾਹਮਣ ਮਤ ਪੂਜੀਏ ਜੋ ਹੋਵੈ ਗੁਣਹੀਨ ਪੂਜੀਏ ਚਰਣ ਚੰਡਾਲ ਕੇ ਜੋ ਹੋਵੈ ਗੁਣ ਪ੍ਰਵੀਨ।<br>
ਮਨ ਚੰਗਾ ਤੇ ਕਠੋਤੀ ਮੇਂ ਗੰਗਾ।

ਗੁਰੂ ਰਵਿਦਾਸ ਜੀ ਨੇ ਅੰਧਵਿਸਵਾਸ ਦਾ ਵੀ ਡਟਕੇ ਵਿਰੋਧ ਕੀਤਾ ਹੈ ਅਤੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ:-

ਜਹਾਂ ਅੰਧ ਵਿਸ਼ਵਾਸ ਹੈ, ਸਚਿ ਪਰਖ ਤਹਿ ਨਾਹੀ।<br>
ਰਵਿਦਾਸ ਸਚਿ ਸੋਈ ਜਾਨਿ, ਜੋ ਅਨੁਭਵ ਹੋਵਿ ਮਨ ਮਾਹ।

ਗੁਰੂ ਰਵਿਦਾਸ ਜੀ ਨੇ ਸਭ ਨੂੰ ਮਿਲਕੇ ਇਕੱਠੇ ਰਹਿਣ ਲਈ ਕਿਹਾ ਹੈ:-

ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ।।

ਗੁਰੂ ਰਵਿਦਾਸ ਜੀ ਦੇ ਅੰਤਿਮ ਸਮੇਂ ਬਾਰੇ ਕੋਈ ਠੋਸ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਹੈ। ਬਹੁਤੇ ਇਤਿਹਾਸਕਾਰਾਂ ਅਨੁਸਾਰ ਆਪ 151 ਸਾਲ ਦੀ ਆਯੂ ਭੋਗਕੇ ਸੰਮਤ 1584 ਨੂੰ ਜੋਤੀ ਜੋਤ ਸਮਾ ਗਏ। ਚਿਤੌੜਗੜ੍ਹ ਵਿੱਚ ਮੀਰਾਂ ਬਾਈ ਦੇ ਮੰਦਿਰ ਦੇ ਬਾਹਰ ਬਣੀ ਛੱਤਰੀ ਹੇਠਾਂ ਆਪਜੀ ਦੇ ਚਰਨ ਕਮਲਾਂ ਦੇ ਨਿਸ਼ਾਨ ਮੌਜੂਦ ਹਨ। ਵੱਖ ਵੱਖ ਸਰਕਾਰਾਂ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂ ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਤੇ ਪਹੁੰਚਦੇ ਹਨ। ਸਰਕਾਰ ਵਲੋਂ ਸਮੇਂ ਸਮੇਂ ਤੇ ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੀ ਯਾਦ ਵਿੱਚ ਪ੍ਰਜੈਕਟ ਬਣਾਏ ਗਏ ਹਨ। ਪੰਜਾਬ ਸਰਕਾਰ ਵਲੋਂ ਸ਼੍ਰੀ ਗੁਰੂ ਰਵਿਦਾਸ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਖੁਰਾਲੀ ਦਾ ਨਾਮ ਸ਼੍ਰੀ ਖੁਰਾਲਗੜ੍ਹ ਸਾਹਿਬ ਰੱਖਿਆ ਗਿਆ ਹੈ ਅਤੇ ਯਾਦਗਾਰ ਸਥਾਪਿਤ ਕਰਨ ਲਈ 110 ਕਰੋੜ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ 151 ਫੁੱਟ ਉੱਚਾ ਮਿਨਾਰ ਏ ਬੇਗਮਪੁਰਾ ਬਣਾਇਆ ਜਾਵੇਗਾ। ਅੱਜ 19 ਫਰਵਰੀ, 2019 ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਗਟ ਉਤਸਵ ਦੇਸ਼ ਵਿਦੇਸ਼ਾਂ ਵਿੱਚ ਸ਼ਰਧਾਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਰਵਿਦਾਸ ਜੀ ਦਾ ਜਨਮ ਉਤਸੱਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਸਾਨੂੰ ਉਨ੍ਹਾਂ ਵਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾਕੇ ਦੁਨੀਆਂ ਵਿੱਚ ਬਰਾਬਰਤਾ ਵਾਲਾ ਆਪਸੀ ਭਾਈਚਾਰਾ ਬਣਾਕੇ ਸ਼ਾਂਤੀ ਸਥਾਪਿਤ ਕਾਇਮ ਕਰਨੀ ਚਾਹੀਦੀ ਹੈ।


## ਸ਼੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਫਰਵਰੀ ਮਹੀਨੇ ਦੇ ਪ੍ਰੋਗਰਾਮ

## SHRI GURU RAVIDASS TEMPLE 1480 HAYNE AVENUE, YUBA CITY, CA 95993

**ਸ਼੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਫਰਵਰੀ 2019 ਮਹੀਨੇ ਦੇ ਪ੍ਰੋਗਰਾਮ**<br>
ਸ਼੍ਰੀ ਕੁਲਦੀਪ ਸਿੰਘ ਧਾਲੀਵਾਲ ਜੀ, ਬੀਬੀ ਖੁਸ਼ਦੀਪ ਕੌਰ ਜੀ ਧਾਲੀਵਾਲ ਪਰਿਵਾਰ ਵੱਲੋਂ<br>
ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਮਿਤੀ 15 ਤੋਂ 19 ਫਰਵਰੀ।<br>
15 ਫਰਵਰੀ 2019 ਦਿਨ ਸ਼ੁੱਕਰਵਾਰ ਆਰੰਭ ਸ਼੍ਰੀ ਅਖੰਡ ਪਾਠ ਸਾਹਿਬ ਜੀ<br>
17 ਫਰਵਰੀ 2019 ਦਿਨ ਐਤਵਾਰ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਜੀ<br>
18 ਫਰਵਰੀ 2019 ਦਿਨ ਸੋਮਵਾਰ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਨੂੰ<br>
ਸਮਰਪਿਤ ਮਹਾਨ ਕੀਰਤਨ ਦਰਬਾਰ<br>
ਸ਼ਾਮੀ 5:30 ਤੋਂ ਰਾਤ 12:30 ਵਜੇ ਤੱਕ ਕਰਵਾਏ ਜਾ ਰਹੇ ਹਨ ਜੀ।<br>
**ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਵਰ੍ਹੇਗੰਢ**<br>
ਮਿਤੀ 22, 23, 24 ਫਰਵਰੀ ਨੂੰ ਬੜੇ ਧੂਮ-ਧਾਮ ਨਾਲ ਮਨਾਈ ਜਾ ਰਹੀ ਹੈ।<br>
22 ਫਰਵਰੀ 2019 ਦਿਨ ਸ਼ੁੱਕਰਵਾਰ ਆਰੰਭ ਸ਼੍ਰੀ ਅਖੰਡ ਪਾਠ ਸਾਹਿਬ ਜੀ<br>
24 ਫਰਵਰੀ 2019 ਦਿਨ ਐਤਵਾਰ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਜੀ।

**ਗੁਰੂ ਘਰ ਦਾ ਫੋਨ ਨੰਬਰ 530-674-2564, ਸ਼੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ) 530-933-3938,**<br>
**ਸ਼੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823, ਸ਼੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370**

# ਸੱਤਾ ਧਿਰ ਅਤੇ ਦੇਸ਼ ਧ੍ਰੋਹ ਦੇ ਕਾਨੂੰਨ ਦੀ ਸਿਆਸਤ

ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇਐੱਨਯੂ) ਦੇ 10 ਵਿਦਿਆਰਥੀਆਂ ਖ਼ਿਲਾਫ਼ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਗਿਆ। ਪੁਲੀਸ ਨੇ 1200 ਸਫ਼ਿਆਂ ਦੀ ਚਾਰਜਸ਼ੀਟ ਦਾਖਲ ਕੀਤੀ ਹੈ ਜਿਸ ਦੀ ਅਖ਼ਬਾਰੀ ਰਿਪੋਰਟ ਸਿਰਫ਼ ਇੰਨੀ ਹੈ ਕਿ ਇਨ੍ਹਾਂ ਨੇ ਯੂਨੀਵਰਸਿਟੀ ਦੇ ਅਹਾਤੇ ਵਿਚ ਦੇਸ਼ ਵਿਰੋਧੀ ਨਾਹਰੇ ਲਗਾਏ ਸਨ। ਇਹ ਕੇਸ ਵਿਦਿਆਰਥੀ ਨੇਤਾ ਕਨੱਈਆ ਕੁਮਾਰ, ਉਮਰ ਖ਼ਾਲਿਦ, ਅਨਿਰਬਨ ਭੱਟਾਚਾਰੀਆ ਤੇ ਕੁਝ ਕਸ਼ਮੀਰੀ ਵਿਦਿਆਰਥੀਆਂ ਖ਼ਿਲਾਫ਼ ਦਰਜ ਕੀਤਾ ਗਿਆ। ਪੁਲੀਸ ਮੁਤਾਬਕ 6 ਵਿਦਿਆਰਥੀਆਂ ਨੇ ਇਨ੍ਹਾਂ ਦੇ ਖ਼ਿਲਾਫ਼ ਗਵਾਹੀਆਂ ਦਿੱਤੀਆਂ ਹਨ ਜਿਨ੍ਹਾਂ ਵਿਚੋਂ 5 ਭਾਜਪਾ ਨਾਲ ਸਬੰਧਤ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਦੇ ਅਹੁਦੇਦਾਰ ਹਨ।

ਅਖ਼ਬਾਰੀ ਖ਼ਬਰਾਂ ਮੁਤਾਬਕ ਸਿਰਫ਼ ਇੰਨਾ ਦੱਸਿਆ ਗਿਆ ਹੈ ਕਿ ਇਨ੍ਹਾਂ ਨੇ ਭਾਰਤ ਵਿਰੋਧੀ ਅਤੇ ਇਤਰਾਜ਼ ਯੋਗ ਨਾਹਰੇ ਲਗਾਏ ਸਨ। ਆਮ ਤੌਰ 'ਤੇ ਅਜਿਹੇ ਦੋਸ਼ਾਂ ਵਿਚ ਇਹੀ ਦੱਸਿਆ ਜਾਂਦਾ ਹੈ ਕਿ ਭਾਰਤ ਵਿਰੋਧੀ ਨਾਹਰੇ ਸਨ, ਤੇ ਜਾਂ ਅਪਮਾਨਜਨਕ ਸ਼ਬਦ ਕਹੇ ਗਏ। ਚਾਹੀਦਾ ਇਹ ਹੈ ਕਿ ਨਾਹਰਿਆਂ ਜਾਂ ਅਪਮਾਨਜਨਕ ਕਹੇ ਜਾਂਦੇ ਸ਼ਬਦਾਂ ਨੂੰ ਪੂਰੀ ਤਰ੍ਹਾਂ ਪੇਸ਼ ਕੀਤਾ ਜਾਵੇ ਕਿ ਉਹ ਕੀ ਸਨ ਤਾਂ ਜੋ ਲੋਕ ਵੀ ਅਨੁਮਾਨ ਲਗਾ ਸਕਣ ਤੇ ਆਪਣੀ ਰਾਏ ਬਣਾ ਸਕਣ ਕਿ ਕੀ ਉਹ ਸੱਚਮੁਚ ਦੇਸ਼ ਵਿਰੋਧੀ ਸਨ ਕਿ ਨਹੀਂ।

ਭਾਰਤ ਵਿਚ ਦੇਸ਼ ਧ੍ਰੋਹ ਦਾ ਕਾਨੂੰਨ ਅੰਗਰੇਜ਼ਾਂ ਦੇ ਬਣਾਏ 1870 ਦੇ ਕਾਨੂੰਨ ਦਾ ਹੀ ਰੂਪ ਹੈ ਜਿਸ ਵਿਚ ਬਾਦਸ਼ਾਹ ਖ਼ਿਲਾਫ਼ ਬਗਾਵਤ ਦੇ ਜੁਰਮ ਦੀ ਚਰਚਾ ਸੀ। ਪਿਤਾ ਪੁਰਖੀ ਰਾਜ ਬਚਾਉਣ ਵਾਸਤੇ ਸਾਰੀ ਦੁਨੀਆ ਵਿਚ ਅਜਿਹੇ ਕਾਨੂੰਨਾਂ ਦਾ ਲਿਖਤੀ ਜਾਂ ਗੈਰ ਲਿਖਤੀ ਸਿਲਸਿਲਾ ਚੱਲਦਾ ਰਿਹਾ ਹੈ। ਅੱਜ ਤਕਰੀਬਨ ਸਾਰੀ ਦੁਨੀਆਂ ਵਿਚੋਂ ਅਜਿਹੇ ਕਾਨੂੰਨ ਖ਼ਤਮ ਹੋ ਗਏ ਹਨ। ਪਹਿਲਾਂ ਪਿਤਾ ਪੁਰਖੀ ਬਾਦਸ਼ਾਹੀਆਂ ਖ਼ਤਮ ਹੋ ਗਈਆਂ ਜਾਂ ਸਿਰਫ਼ ਨਾਮ ਦੀਆਂ ਹੀ ਰਹਿ ਗਈਆਂ, ਹੁਣ ਹੌਲੀ ਹੌਲੀ ਦੇਸ਼, ਵਤਨ ਜਾਂ 'ਆਪਣੀ ਮਿੱਟੀ' ਦਾ ਸੰਕਲਪ ਵੀ ਧੁੰਦਲਾ ਹੁੰਦਾ ਜਾ ਰਿਹਾ ਹੈ। ਅੱਜ ਦੇ ਸਭਿਅਕ ਪੱਧਰ ਮੁਤਾਬਕ, ਸਾਰਾ ਗਲੋਬ ਹੀ ਬੰਦੇ ਦੀ 'ਆਪਣੀ ਮਿੱਟੀ' ਬਣ ਗਈ ਹੈ, ਸਾਰਾ ਸੰਸਾਰ ਹੀ ਉਸ ਦਾ ਵਤਨ ਤੇ ਕੁੱਲ ਖ਼ਲਕਤ ਉਸ ਦੀ ਕੌਮ।

ਕਿਸੇ ਵੇਲੇ ਬਾਦਸ਼ਾਹ ਰੱਬ ਦਾ ਰੂਪ ਹੁੰਦੇ ਸਨ। ਆਪਣੇ ਬਾਦਸ਼ਾਹ ਦੇ ਪ੍ਰਤਾਪ ਵਾਸਤੇ, ਉਸ ਦੇ ਝੰਡੇ ਬੁਲੰਦ ਕਰਨ ਤੇ ਉਸ ਦੀ ਸਲਤਨਤ ਨੂੰ ਦੂਰ ਦੂਰ ਤੱਕ ਪਹੁੰਚਾਉਣਾ ਬੰਦੇ ਦਾ ਫ਼ਰਜ਼ ਸੀ ਤੇ ਇਸ ਵਾਸਤੇ ਕੁਰਬਾਨ ਹੋ ਜਾਣਾ ਉਸ ਦਾ ਧਰਮ। ਫਿਰ ਬਾਦਸ਼ਾਹਤਾਂ ਨੇ ਦੇਸ਼ਾਂ ਦੇ ਰੂਪ ਧਾਰਨ ਕਰ ਲਏ। ਕਈ ਸਾਰੇ ਤਰੀਕਿਆਂ ਨਾਲ ਬੰਦੇ ਨੇ ਆਪਣੇ ਦੁਆਲੇ ਲਕੀਰਾਂ ਖਿੱਚ ਲਈਆਂ, ਖ਼ੁਦ ਉਨ੍ਹਾਂ ਲਕੀਰਾਂ ਵਿਚ ਕੈਦ ਹੋ ਗਿਆ ਤੇ ਖ਼ੁਦ ਹੀ ਉਨ੍ਹਾਂ ਲਕੀਰਾਂ ਦੀ ਰਾਖੀ ਕਰਨ ਲੱਗ ਪਿਆ। ਇਨ੍ਹਾਂ ਲਕੀਰਾਂ ਦੇ ਡਬਲ ਰਖਵਾਲੇ ਬਣ ਗਏ, ਦੋਹੀਂ ਪਾਸੇ ਤੇ ਇਕ ਦੂਜੇ ਨੂੰ ਮਾਰ ਕੇ ਮਾਣਮੱਤੀਆਂ ਸ਼ਹੀਦੀਆਂ ਪ੍ਰਾਪਤ ਕਰਨ ਲੱਗੇ। ਸਰਹੱਦਾਂ ਦੀਆਂ ਰਾਖੀਆਂ ਦੇ ਜੋਸ਼ੀਲੇ ਗੀਤ ਗਾਏ ਜਾਣ ਲੱਗੇ। ਕਿਧਰੇ ਇਹ ਲਕੀਰਾਂ ਨਵੀਆਂ ਬਣ ਰਹੀਆਂ ਹਨ, ਕਿਧਰੇ ਪੱਕੀਆਂ ਹੋ ਰਹੀਆਂ ਹਨ, ਕਿਧਰੇ ਮਿਟ ਵੀ ਰਹੀਆਂ ਹਨ। ਬਹੁਤੀ ਜਗ੍ਹਾ ਮਿਟ ਤਾਂ ਨਹੀਂ ਰਹੀਆਂ ਪਰ ਧੁੰਦਲੀਆਂ ਹੋ ਰਹੀਆਂ ਹਨ। ਇੱਧਰ ਉੱਧਰ ਜਾਣਾ ਇੰਨਾ ਸੌਖਾ ਤੇ ਮਾਮੂਲ ਹੋ ਰਿਹਾ ਹੈ ਕਿ ਪਤਾ ਹੀ ਨਹੀਂ ਲੱਗਦਾ ਕਿ ਸਰਹੱਦ ਕਿਥੇ ਕੁ ਹੈ। ਇਸੇ ਕਰਕੇ ਅੱਜ ਯੂਰੋਪ ਵਿਚ ਸਰਹੱਦਾਂ ਦੀਆਂ ਰਾਖੀਆਂ ਦੇ ਜੋਸ਼ੀਲੇ ਗੀਤ ਨਹੀਂ, ਬਹਾਦਰ ਸਿਪਾਹੀਆਂ ਦੀਆਂ ਕੁਰਬਾਨੀਆਂ ਦੇ ਗੀਤ ਨਹੀਂ ਅਤੇ ਸਿਨਮਾਂ ਘਰਾਂ ਤੇ ਸਕੂਲਾਂ ਵਿਚ ਕੌਮੀ ਗੀਤਾਂ ਦਾ ਰੁਝਾਨ ਖ਼ਤਮ ਹੈ। ਸਿਰਫ਼ ਟੂਰਨਾਮੈਂਟਾਂ ਵਿਚ ਹੀ ਲੋਕ ਵੱਖ ਵੱਖ ਦੇਸ਼ ਦੇ ਕੌਮੀ ਤਰਾਨੇ ਅਤੇ ਝੰਡੇ ਵੇਖਦੇ ਹਨ। ਉਥੇ ਦੇਸ਼ ਭਗਤੀ ਦੇ ਜਜ਼ਬੇ ਵਾਸਤੇ ਕੋਈ ਥਾਂ ਨਹੀਂ, ਇਸ ਨੂੰ ਜਾਤੀਵਾਦ, ਫਿਰਕਾਪ੍ਰਸਤੀ ਤੇ ਇਲਾਕਾਪ੍ਰਸਤੀ ਵਾਂਗ ਹੀ ਦੇਖਿਆ ਜਾਂਦਾ ਹੈ।




ਇਕ ਨੁੱਕਰ ਤੋਂ ਚੱਲੇ ਇਸ ਰੁਝਾਨ ਨੇ ਇਕ ਦਿਨ ਸਾਰੀ ਦੁਨੀਆ ਨੂੰ ਇਸੇ ਰਸਤੇ 'ਤੇ ਤੋਰਨਾ ਹੈ। ਫਿਰ ਕੀ ਰਹਿ ਜਾਵੇਗਾ ਦੇਸ਼ ਭਗਤੀ ਦੇ ਜਜ਼ਬੇ ਦਾ ਤੇ ਦੇਸ਼ ਧ੍ਰੋਹ ਦੇ ਕਾਨੂੰਨਾਂ ਦਾ? ਬਿਲਕੁੱਲ ਇਸੇ ਚੌਖਟੇ ਵਿਚ ਕਾਂਗਰਸ ਦੇ ਲੀਡਰ ਕਪਿਲ ਸਿੱਬਲ ਨੇ ਕਿਹਾ ਹੈ ਕਿ ਦੇਸ਼ ਧ੍ਰੋਹ ਦਾ ਕਾਨੂੰਨ ਨਵੇਂ ਵਕਤ ਦਾ ਹਾਣੀ ਨਹੀਂ ਬਣ ਸਕਦਾ ਤੇ ਇਸ ਨੂੰ ਰੱਦ ਕਰ ਦੇਣਾ ਚਾਹੀਦਾ ਹੈ।

ਦੂਜੇ ਪਾਸੇ ਫਾਸ਼ੀਵਾਦ ਹਮੇਸ਼ਾਂ ਹੀ ਕੌਮਪ੍ਰਸਤੀ ਨੂੰ ਆਪਣਾ ਹਥਿਆਰ ਬਣਾਉਂਦਾ ਆਇਆ ਹੈ। ਇਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਨਾਗਰਿਕਤਾ ਬਿੱਲ ਪਾਸ ਹੋਣ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੰਬਈ ਵਿਚ ਭਾਸ਼ਨ ਕਰਦਿਆਂ ਆਪਣੀ ਹੀ ਤਰੰਗ ਵਿਚ ਸ਼ਬਦ ਬੋਲੇ- ਇਹ ਕਾਨੂੰਨ ਪਾਸ ਹੋਇਆ ਕਿ ਸਾਡੇ ਬੰਦੂ ਜੋ ਬੰਗਲਾਦੇਸ਼, ਪਾਕਿਸਤਾਨ ਜਾਂ ਅਫ਼ਗਾਨਿਸਤਾਨ ਤੋਂ ਇਥੇ ਸ਼ਰਨ ਲੈਣ ਆਏ ਹਨ, ਜੋ ਇਸ ਦੇਸ਼ ਦੀ ਮਿੱਟੀ ਨਾਲ ਸ਼ਰਧਾ ਰੱਖਦੇ ਹਨ, ਪ੍ਰੇਮ ਕਰਦੇ ਹਨ, ਭਾਰਤ ਮਾਤਾ ਕੀ ਜੈ ਬੋਲਣ ਵਾਲੇ, ਬੰਦੇ ਮਾਤ੍ਰਮ ਬੋਲਣ ਵਾਲੇ ਇਸ ਮੁਲਕ ਦੇ ਵਿਧੀਵਤ ਨਾਗਰਿਕ ਬਣ ਸਕਣਗੇ। ਉਸ ਨੇ ਇਹ ਸ਼ਬਦ ਪੂਰਾ ਸੋਚ ਸਮਝ ਕੇ ਤੇ ਇਹ ਜਾਣਦੇ ਹੋਏ ਵਰਤੇ ਹਨ ਕਿ ਭਾਰਤ ਮਾਤਾ ਦੀ ਜੈ ਅਤੇ ਬੰਦੇ ਮਾਤ੍ਰਮ ਬਾਰੇ ਵਿਵਾਦ ਹੈ।

ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਖ਼ਿਲਾਫ਼ ਕੇਸ ਦਾ ਪਤਾ ਲੱਗਿਆ ਹੈ ਕਿ ਉਨ੍ਹਾਂ ਉਪਰ ਦੋਸ਼ ਹੈ ਕਿ ਉਥੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਹਰੇ ਲਗਾਏ ਗਏ ਤੇ ਪਾਰਲੀਮੈਂਟ ਉਪਰ ਹਮਲੇ ਦੇ ਦੋਸ਼ੀ ਅਫ਼ਜ਼ਲ ਗੁਰੂ ਦੀ ਫਾਂਸੀ ਦਾ ਵਿਰੋਧ ਕੀਤਾ ਗਿਆ। ਇਹ ਵੀ ਦੋਸ਼ ਹੈ ਕਿ ਅਫ਼ਜ਼ਲ ਗੁਰੂ ਨੂੰ 'ਸ਼ਹੀਦ' ਦੱਸਿਆ ਗਿਆ। ਇਸ ਤੋਂ ਬਾਅਦ ਇਹ ਵੀ ਖ਼ਬਰ ਹੈ ਕਿ ਭਾਜਪਾ ਦੇ ਵਿਦਿਆਰਥੀ ਵਿੰਗ ਦੇ ਹੀ ਇਕ ਕਾਰਕੁਨ ਦਾ ਬਿਆਨ ਸੀ ਕਿ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਹਰੇ ਤਾਂ ਉਨ੍ਹਾਂ ਨੇ ਲਗਾਏ ਸਨ। ਇਥੇ ਪਹਿਲੀ ਗੱਲ ਇਹ ਹੈ ਕਿ ਇਸ ਮੁਲਕ ਵਿਚ ਪਾਕਿਸਤਾਨ ਜਾਂ ਕਿਸੇ ਵੀ ਹੋਰ ਮੁਲਕ ਦੀ ਜ਼ਿੰਦਾਬਾਦ ਦੇ ਨਾਹਰੇ ਲਗਾਉਣ ਦੀ ਨਾ ਮਨਾਹੀ ਹੈ ਤੇ ਨਾ ਹੀ ਇਹ ਗੈਰ ਕਾਨੂੰਨੀ ਹਨ। ਹਾਂ, ਜੇ ਕਿਸੇ ਨੇ ਬੇਲੋੜੇ ਹੀ ਬਿਨਾਂ ਕਿਸੇ ਪ੍ਰਸੰਗ ਤੋਂ ਪਾਕਿਸਤਾਨ ਜਾਂ ਕਿਸੇ ਹੋਰ ਮੁਲਕ ਦੀ ਜ਼ਿੰਦਾਬਾਦ ਦੇ ਨਾਹਰੇ ਲਗਾਏ ਹਨ ਤਾਂ ਉਸ ਦੀ ਨੁਕਤਾਚੀਨੀ ਕੀਤੀ ਜਾ ਸਕਦੀ ਹੈ, ਬਹਿਸ ਕਰਕੇ ਉਸ ਦੀ ਨਿੰਦਾ ਵੀ ਕੀਤੀ ਜਾ ਸਕਦੀ ਹੈ ਪਰ ਮੁਕੱਦਮਾ ਕਰਨ ਦਾ ਤਾਂ ਕੋਈ ਮਤਲਬ ਨਹੀਂ ਨਿਕਲਦਾ।

ਇਸੇ ਤਰ੍ਹਾਂ ਅਫ਼ਜ਼ਲ ਗੁਰੂ ਦੀ ਫਾਂਸੀ ਦੀ ਨਿੰਦਾ ਵੀ ਇਸ ਮੁਲਕ ਦੇ ਬਹੁਤ ਲੋਕਾਂ ਨੇ ਕੀਤੀ। ਇਨ੍ਹਾਂ ਸਤਰਾਂ ਦਾ ਲੇਖਕ ਵੀ ਲੁਧਿਆਣੇ ਦੀਆਂ ਸੜਕਾਂ ਉਪਰ ਅਫ਼ਜ਼ਲ ਦੀ ਫਾਂਸੀ ਖ਼ਿਲਾਫ਼ ਨਿਕਲੇ ਜਲੂਸ ਵਿਚ ਸ਼ਾਮਿਲ ਸੀ ਤੇ ਦੋ ਲੇਖ, ਇਕ ਪੰਜਾਬੀ ਤੇ ਦੂਜਾ ਉਰਦੂ ਵਿਚ, ਇਸੇ ਮਸਲੇ 'ਤੇ ਛਪੇ। ਬਹੁਤ ਲੋਕਾਂ ਦਾ ਵਿਰੋਧ ਇਸ ਪੱਖੋਂ ਵੀ ਸੀ ਕਿ ਦੁਨੀਆ ਦੇ ਦੋ ਤਿਹਾਈ ਦੇਸ਼ਾਂ ਨੇ ਫਾਂਸੀ ਦੀ ਸਜ਼ਾ ਖ਼ਤਮ ਕੀਤੀ ਹੈ, ਭਾਰਤ ਨੂੰ ਵੀ ਕਰਨੀ ਚਾਹੀਦੀ ਸੀ। ਵੱਡਾ ਵਿਰੋਧ ਇਸ ਕਰਕੇ ਸੀ ਕਿ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਸਿਰਫ਼ ਭਾਜਪਾ ਤੋਂ ਏਜੰਡਾ ਖੋਹਣ ਦੀ ਖਾਤਰ ਸਭ ਅਸੂਲਾਂ ਨੂੰ ਛਿੱਕੇ ਟੰਗ ਕੇ ਚੁੱਪ-ਚਪੀਤੇ ਅਫ਼ਜ਼ਲ ਗੁਰੂ ਨੂੰ ਫਾਂਸੀ ਦੇ ਦਿੱਤੀ ਸੀ। ਅਸੀਂ ਲੋਕ ਇਸ ਦੀ ਅੱਜ ਵੀ ਨਿੰਦਾ ਕਰਦੇ ਹਾਂ, ਸਾਡਾ ਹੱਕ ਹੈ। ਜਿਨ੍ਹਾਂ ਨੂੰ ਸਾਡੀ ਨਿੰਦਾ ਪਸੰਦ ਨਹੀਂ, ਉਨ੍ਹਾਂ ਨੂੰ ਸਾਡੀ ਨਿੰਦਾ ਕਰਨ ਦਾ ਵੀ ਹੱਕ ਹੈ, ਨਿਬੇੜਾ ਦਲੀਲਾਂ ਨਾਲ ਹੋਣਾ ਹੈ।

ਜਿੱਥੋਂ ਤੱਕ ਅਫ਼ਜ਼ਲ ਗੁਰੂ ਨੂੰ ਸ਼ਹੀਦ ਕਹਿਣਾ ਹੈ, ਇਸ ਬਾਰੇ ਵੀ ਮਤਭੇਦ ਹੋ ਸਕਦੇ ਹਨ, ਬਹਿਸ ਹੋ ਸਕਦੀ ਹੈ ਪਰ ਇਹ ਦੇਸ਼ ਧ੍ਰੋਹ ਦਾ ਕੇਸ ਨਹੀਂ ਬਣਦਾ। ਕੁਝ ਲੋਕ ਅਜੇ ਤੱਕ ਮੁਲਕ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਫੌਜਾਂ ਦੇ ਸਰਬਰਾਹ ਏਐੱਸ ਵੈਦਿਆ ਦੇ ਕਾਤਲਾਂ ਦੀਆਂ ਬਰਸੀਆਂ ਮਨਾਉਂਦੇ ਹਨ। ਕਿਸੇ ਨੂੰ ਚੰਗਾ ਲੱਗੇ ਜਾਂ ਨਾ ਲੱਗੇ, ਵੱਖਰੀ ਗੱਲ ਹੈ ਪਰ ਉਨ੍ਹਾਂ ਖਿਲਾਫ਼ ਦੇਸ਼ ਧ੍ਰੋਹ ਦੇ ਕੇਸ ਨਹੀਂ ਦਰਜ ਹੁੰਦੇ। ਪੰਜਾਬ ਦੇ ਮੁੱਖ ਮੰਤਰੀ ਅਤੇ ਉਸ ਨਾਲ ਖਲੋਤੇ 16 ਬੰਦਿਆਂ ਨੂੰ ਕਤਲ ਕਰਨ ਵਾਲੇ ਨੂੰ ਅਕਾਲੀ ਪਾਰਟੀ ਦੇ ਜ਼ੇਰੇ-ਅਸਰ ਚੱਲਦੀ ਸੰਸਥਾ ਨੇ ਜੇਲ੍ਹ ਵਿਚ ਜਾ ਕੇ ਸਿਰੋਪਾਓ ਦਿੱਤਾ ਤੇ 'ਜ਼ਿੰਦਾ ਸ਼ਹੀਦ' ਦਾ ਖਿਤਾਬ ਵੀ ਜਦੋਂ ਕਿ ਅਦਾਲਤ ਨੇ ਉਸ ਨੂੰ ਫਾਂਸੀ ਦਾ ਹੁਕਮ ਸੁਣਾਇਆ ਹੋਇਆ ਹੈ। ਇਸ ਬਾਰੇ ਭਾਜਪਾ ਨੇ ਆਪਣੇ ਵਿਚਾਰ ਕਦੇ ਨਹੀਂ ਰੱਖੇ।



ਅਭੈ ਸਿੰਘ
91-98783-75903

ਦੇਸ਼ ਧ੍ਰੋਹ ਦੇ ਇਕ ਮੁਕਦਮੇ ਵਿਚ ਹੀ ਸਾਡੀ ਸੁਪਰੀਮ ਕੋਰਟ ਨੇ ਫੈਸਲਾ ਕੀਤਾ ਹੋਇਆ ਹੈ ਕਿ ਹਰ ਇਕ ਨੂੰ ਕਿਸੇ ਵੀ ਤਰ੍ਹਾਂ ਦੇ ਵਿਚਾਰ ਰੱਖਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਸਿਰਫ਼ ਅਜਿਹੇ ਵਿਚਾਰਾਂ ਦੀ ਮਨਾਹੀ ਹੈ ਜਿਨ੍ਹਾਂ ਵਿਚ ਹਿੰਸਾ ਜਾਂ ਮਾਰ-ਕੁਟਾਈ ਦਾ ਪ੍ਰਚਾਰ ਹੋਵੇ ਜੋ ਕਿਸੇ ਨੂੰ ਹਿੰਸਾ ਜਾਂ ਨਫ਼ਰਤ ਵਾਸਤੇ ਉਕਸਾਉਂਦਾ ਹੋਵੇ। ਵੱਡੇ ਦੁੱਖ ਦੀ ਗੱਲ ਹੈ ਕਿ ਕਿਸੇ ਜਾਤੀ ਜਾਂ ਧਰਮ ਦਾ ਨਾਮ ਲੈ ਕੇ ਨਿੰਦਿਆ ਜਾਂਦਾ ਹੈ, ਨਫ਼ਰਤ ਫੈਲਾਈ ਜਾਂਦੀ ਹੈ, ਉਸ ਬਾਰੇ ਦੇਸ਼ ਧ੍ਰੋਹ ਦਾ ਕਾਨੂੰਨ ਨਹੀਂ ਚੱਲਦਾ। ਦੇਸ਼ ਦੇ ਲੋਕਾਂ ਨੂੰ ਧਰਮ, ਜਾਤ ਜਾਂ ਇਲਾਕੇ ਦੇ ਆਧਾਰ ਤੇ ਤਕਸੀਮ ਕਰਨ ਦੇ ਉਪਰਾਲੇ ਤੋਂ ਵੱਡਾ ਦੇਸ਼ ਧ੍ਰੋਹ ਕਿਹੜਾ ਹੋ ਸਕਦਾ ਹੈ, ਲੇਕਿਨ ਉਸ ਬਾਰੇ ਕੋਈ ਕਾਨੂੰਨ ਨਹੀਂ। ਗਾਵਾਂ ਤੇ ਅਵਾਰਾ ਕੁੱਤਿਆਂ ਦੀ ਰਖਵਾਲੀ ਦੇ ਨਾਮ ਉਪਰ ਸ਼ਰੇਆਮ ਤਿੱਖੀ ਹਿੰਸਾ ਦੀਆਂ ਧਮਕੀਆਂ ਹੋ ਰਹੀਆਂ ਹਨ, ਲੇਕਿਨ ਉਨ੍ਹਾਂ ਬਾਰੇ ਕੋਈ ਦੇਸ਼ ਧ੍ਰੋਹ ਨਹੀਂ। ਗੁਆਂਢੀ ਦੇਸ਼ਾਂ ਪ੍ਰਤੀ ਨਫ਼ਰਤ ਦੇ ਨਾਹਰੇ ਤੇ ਮੁਲਕ ਨੂੰ ਲੜਾਈ ਵੱਲ ਧੱਕਣਾ ਵੱਡਾ ਦੇਸ਼ ਧ੍ਰੋਹ ਹੈ, ਲੇਕਿਨ ਉਸ ਬਾਰੇ ਵੀ ਕਾਨੂੰਨ ਨਹੀਂ।

ਅਗਰ ਇਨ੍ਹਾਂ ਵਿਦਿਆਰਥੀਆਂ ਨੇ ਆਪਣੇ ਜਲਸੇ ਵਿਚ ਕਿਸੇ ਖ਼ਿਲਾਫ਼ ਕੁੱਟ-ਮਾਰ ਦੀ ਗੱਲ ਕੀਤੀ ਹੈ, ਕਿਸੇ ਨੂੰ ਜ਼ਬਰਦਸਤੀ ਜਲਸੇ ਵਿਚ ਸ਼ਾਮਿਲ ਕੀਤਾ ਹੈ, ਕਿਸੇ ਦਾ ਰਸਤਾ ਰੋਕਿਆ ਹੈ, ਕਿਸੇ ਨੂੰ ਇੱਟ ਜਾਂ ਪੱਥਰ ਮਾਰਿਆ ਹੈ, ਇਥੋਂ ਤੱਕ ਕਿ ਜੇ ਜਲਸਾ ਕਿਸੇ ਅਜਿਹੀ ਜਗ੍ਹਾ ਕੀਤਾ ਹੈ ਕਿ ਹੋਰਨਾਂ ਲੋਕਾਂ ਨੂੰ ਪਰੇਸ਼ਾਨੀ ਪੈਦਾ ਹੋਈ ਹੋਵੇ ਤਾਂ ਜ਼ਰੂਰ ਐਕਸ਼ਨ ਲਿਆ ਜਾਣਾ ਚਾਹੀਦਾ ਹੈ ਤੇ ਸਜ਼ਾਵਾਂ ਵੀ ਮਿਲਣੀਆਂ ਚਾਹੀਦੀਆਂ ਹਨ। ਲੇਕਿਨ ਜੇ ਸਿਰਫ਼ ਵਿਚਾਰ ਪ੍ਰਗਟ ਕੀਤੇ ਜਾਣ ਦੀ ਗੱਲ ਹੈ ਤਾਂ ਉਸ ਬਾਰੇ ਬਹਿਸ ਕੀਤੀ ਜਾਣੀ ਚਾਹੀਦੀ ਹੈ। ਉਹ ਮਸਲਾ ਸਮਝਣ ਸਮਝਾਉਣ ਦਾ ਹੁੰਦਾ ਹੈ, ਵਿਦਿਆਰਥੀਆਂ ਦੇ ਸਿੱਖਣ ਸਿਖਾਉਣ ਦਾ ਹੁੰਦਾ ਹੈ, ਮੁਕੱਦਮਿਆਂ ਦਾ ਨਹੀਂ।

# ਸਰਬੱਤ ਖਾਲਸਾ ਤੋਂ ਬਰਗਾੜੀ ਮੋਰਚਾ

ਸਿੱਖ ਕੌਮ ਤੇ ਭੀੜ ਜਾਂ ਔਖੇ ਫੈਸਲੇ ਲੈਣ ਵੇਲੇ ਪੰਥ ਨੂੰ ਸੇਧ ਦੇਣ ਹੇਤ ਸਰਬੱਤ ਖਾਲਸਾ ਦੀ ਕਵਾਈਤ ਸਿੱਖ ਇਤਿਹਾਸ ਵਿੱਚ ਨਾਲ ਨਾਲ ਚਲਦੀ ਆ ਰਹੀ ਹੈ। ਸਿੱਖ ਖਾਨਾਬਦੋਸ਼ੀ ਦੇ ਹਾਲਾਤਾਂ ਵਿੱਚ ਇਕੱਠੇ ਹੋਕੇ ਕੌਮੀ ਅਗਵਾਈ ਲਈ ਸਰਬੱਤ ਖਾਲਸਾ ਕਰਦੇ ਰਹੇ ਹਨ। ਮੁਗਲਾਂ ਅਤੇ ਅੰਗਰੇਜ਼ਾਂ ਦੀ ਮਾਰ ਝੱਲਦਿਆ ਅਜ ਸਿੱਖ ਹਿੰਦੂ ਸਵਰਾਜ ਦੇ ਗੋਡੇ ਹੇਠ ਹੈ। ਅਜੋਕੇ ਹਾਲਾਤ ਸਿੱਖਾਂ ਦੀ ਰਾਜਨੀਤਕ, ਧਾਰਮਿਕ ਅਜਾਦੀ ਲਈ ਬਹੁਤ ਸਾਜਗਾਰ ਨਹੀ। 29 ਅਪ੍ਰੈਲ 1986 ਦੇ ਵੱਡੇ ਸਰਬੱਤ ਖਾਲਸਾ ਤੋ ਬਾਅਦ 10 ਨਵੰਬਰ 2015 ਦੇ ਚੱਬੇ ਦੀ ਧਰਤੀ ਉਪਰ ਹੋਏ ਅੱਜ ਤੱਕ ਦੇ ਸਭ ਤੋ ਵੱਡੇ ਸਰਬੱਤ ਖਾਲਸਾ ਨੇ ਕੌਮ ਨੂੰ ਇੱਕ ਮੁੱਠ ਕੀਤਾ। ਜਿਸ ਵਿੱਚ ਰਾਜਨੀਤਕ ਅਤੇ ਧਾਰਮਿਕ ਫੈਸਲੇ ਲੈ ਕੇ ਇਕ ਪ੍ਰੀਵਾਰ ਦੀ ਕਬਜਾ ਨੀਤੀ ਨੂੰ ਨਿਕਾਰਦਿਆ ਪੁੱਠੇ ਹੋਏ ਹਾਲਾਤਾਂ ਨੂੰ ਪੈਰਾਂ ਸਿਰ ਕਰਨ ਲਈ ਕੌਮ ਨੂੰ ਸੱਦਾ ਦਿੱਤਾ। ਭਾਵੇ ਕਿ ਸਰਬੱਤ ਖਾਲਸਾ ਦੇ ਜਥੇਦਾਰਾ ਨੂੰ ਉਸੇ ਵੇਲੇ ਜੇਲ੍ਹਾਂ ਵਿੱਚ ਡੱਕ ਦਿੱਤਾ। ਜਿਸ ਕਰਕੇ ਕੌਮੀ ਅਗਵਾਈ ਦੀ ਘਾਟ ਰੜਕਣੀ ਜਰੂਰੀ ਸੀ। ਜਿਸ ਦਾ ਇਕ ਪਾਸੇ ਤਾਂ ਸਰਕਾਰ ਸ਼ੰਘਰਸ਼ੀ ਧਿਰਾ ਸਮੇਤ ਜਥੇਦਾਰਾ ਦੀ ਫੜੋ ਫੜਾਈ ਸੂਰੂ ਕੀਤੀ ਦੂਜੇ ਪਾਸੇ ਮੀਡੀਆ ਅਤੇ ਸਰਕਾਰ ਪੱਖੀ ਲੋਕਾਂ ਕੋਲੋਂ ਸਰਬੱਤ ਖਾਲਸਾ ਦੀਆ ਨਾਕਾਮੀਆ ਬਣਾਕੇ ਵਿਰੋਧ ਕਰਵਾਉਣਾ ਸੁਰੂ ਕਰ ਦਿੱਤਾ। ਸਿਖਾਂ ਉਪਰ ਹੀ ਨਜਾਇਜ਼ ਕੇਸ ਬਣਏ ਜਾਣ ਲੱਗੇ ਜਿਸ ਦਾ ਸਿੱਖਾਂ ਵਲੋਂ ਸਖਤ ਵਿਰੋਧ ਨੇ ਇਸ ਰੁਝਾਨ ਨੂੰ ਰੁਕਵਾਇਆ। ਸਮਕਾਲੀ ਜਥੇਬੰਦੀਆਂ ਦੇ ਵਿਰੋਧ ਵੀ ਸਾਹਮਣੇ ਆਏ। ਸਰਬੱਤ ਖਾਲਸਾ ਨੂੰ ਨਾ ਮੰਨਣ ਵਾਲਿਆਂ ਨੇ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਜਥੇਦਾਰ ਤਾਂ ਮੰਨ ਲਿਆ ਪਰ ਕਿਸੇ ਵੀ ਮਤੇ ਨਾਲ ਸਹਿਮਤੀ ਨਹੀ ਅਪਨਾਈ। ਫਿਰ ਸਰਬੱਤ ਖਾਲਸਾ ਦੇ " ਸਿੱਖਾਂ ਲਈ ਅੱਡਰੀ ਪਾਰਲੀਮੈਂਟ " ਦੇ ਮਤੇ ਨੂੰ ਹੀ ਲੈ ਕੇ ਵਰਲਡ ਸਿੱਖ ਪਾਰਲੀਮੈਂਟ ਦੇ ਨਾਂ ਹੇਠ ਗਠਨ ਦੇ ਰੂਪ ਵਿਚ ਕੀਤਾ ਗਿਆ। ਜਿਸ ਦੀਆਂ ਅਨੇਕਾਂ ਮੀਟਿੰਗ ਹੋ ਰਹੀਆਂ ਹਨ ਏਕਤਾ, ਪਾਰਦਰਸ਼ਤਾ ਅਤੇ ਵਿਧੀ ਵਿਧਾਨ ਦੀ ਘਾਟ ਨੇ ਸਿੱਖਾਂ ਵਿੱਚ ਪ੍ਰਾਪਤੀ ਨਾ ਹੋ ਕੇ ਉਲਝਣਾ ਜਰੂਰ ਪੈਦਾ ਕੀਤੀਆ ਹਨ। ਸੱਚ ਹੈ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਜੇਲ੍ਹ ਤੋ ਬਾਹਰਲੀ ਜਾਣਕਾਰੀ ਨਾ ਹੋਣ ਕਰਕੇ, ਮਿਲਣ ਵਾਲੀਆ ਧਿਰਾਂ ਦੀ ਦਿੱਤੀ ਸਲਾਹ ਮਸ਼ਵਰੇ ਨੂੰ ਹੁਕਮ ਬਣਾਇਆ ਜਾਣ ਲੱਗਾ। ਜਿਸ ਦਾ ਇਸਤੇਮਾਲ ਹੋਣ ਲੱਗਾ ਹੈ।

ਬਰਗਾੜੀ ਵਿੱਚ ਸ਼ੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਦੋ ਸਿੱਖਾਂ ਦਾ ਸਰਕਾਰੀ ਅਣਪਛਾਤੀ ਪੁਲਿਸ ਵੱਲੋਂ ਕਤਲ ਨੇ ਸਿੱਖਾਂ ਵਿੱਚਲੇ ਰੋਸ ਨੂੰ ਕੋਈ ਇੰਨਸਾਫ ਨਾ ਮਿਲਣਾ ਬਰਗਾੜੀ ਮੋਰਚਾ ਦੀ ਅਰੰਭਤਾ ਨੂੰ ਜਨਮ ਦਿੰਦਾ ਹੈ। ਮੋਰਚੇ ਲਾਉਣ ਦਾ ਫੈਸਲਾ ਜਥੇਦਾਰ ਭਾਈ ਧਿਆਨ ਸਿੰਘ ਮੰਡ ਦਾ ਸੀ ਕਿਉਂਕਿ ਜਥੇਦਾਰਾਂ ਦੀ ਨਿਯੁਕਤੀ ਤੋ ਬਾਅਦ ਸਿੱਖਾਂ ਵਿੱਚਲੀ ਨਿਰਾਸ਼ਾ ਨੇ ਵੱਡਾ ਖਲਾਅ ਪੈਦਾ ਕਰ ਦਿੱਤਾ ਸੀ। ਮੋਰਚੇ ਨੂੰ ਸਿੱਖਾਂ ਤੋ ਇਲਾਵਾ ਦੂਸਰੇ ਧਰਮਾਂ ਦੇ ਲੋਕਾਂ ਨੇ ਭਾਰੀ ਸਮੂਲੀਅਤ ਕੀਤੀ। ਮੋਰਚੇ ਨੂੰ ਕਾਮਯਾਬ ਕਰਨ ਹਿਤ ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਦੂਸਰੇ ਦਲਾਂ ਅਤੇ ਜਥੇਬੰਦੀਆਂ ਨਾਲ ਮਿਲਕੇ ਮੋਹਰੀ ਰੋਲ ਅਦਾ ਕੀਤਾ। ਮੋਰਚੇ ਦੀ ਸੀਮਤ ਸਮੇਂ ਵਿੱਚ ਸਮਾਪਤੀ ਨੇ ਕਾਫੀ ਸ਼ੰਕਿਆਂ ਨੂੰ ਜਨਮ ਦਿਤਾ। ਭਾਵੇ ਇਸ ਨੂੰ ਪਹਿਲਾ ਪੜਾਅ ਦੇ ਤੌਰ ਤੇ ਲਿਆ ਗਿਆ ਹੈ। ਇਸ ਮੋਰਚੇ ਦੀ ਵੱਡੀ ਪਰਾਪਤੀ ਜਿਹੜੀ ਹਰ ਇੰਨਸਾਨ ਨੂੰ ਇੰਨਸਾਫ ਲਈ ਖੜ੍ਹੇ ਹੋਣ ਲਈ ਉਤਸ਼ਾਹਿਤ ਕਰਦੀ ਹੈ ਕਿ ਮੋਰਚੇ ਵਿੱਚ ਉਹ ਪਾਰਟੀਆ ਜਾਂ ਲੋਕ ਵੀ ਸ਼ਾਮਲ ਹੋਏ ਜੋ ਇਸ ਨੂੰ ਨਿਰੋਲ ਧਾਰਮਿਕ ਜਾ ਸਿੱਖਾ ਦਾ ਮੰਨਦੇ ਸਨ। ਇਥੇ ਇਸ ਗਲ ਦਾ ਉਭਰਨਾ ਕਿ ਪੰਜਾਬ ਦੀ ਧਰਤੀ ਨੂੰ ਉਹੀ ਪਰਵਾਨ ਹੋਣਗੇ ਜੋ ਪੰਜਾਬ ਪੰਜਾਬੀ ਪੰਜਾਬੀਅਤ ਲਈ ਵਿਚਰਨਗੇ, ਵੱਡੀ ਚੇਤਨਾ ਪੈਦਾ ਕਰਦੀ ਹੈ। ਮੋਰਚੇ ਦੀਆਂ ਤਿੰਨੇ ਮੰਗਾ ਦਾ ਲਗਭਗ ਮੰਨੇ ਜਾਣਾ ਜਾ ਸਰਕਾਰ ਦੇ ਵਾਅਦਿਆਂ ਨੇ ਇੰਨਸਾਫ ਲਈ ਸੰਤੁਸ਼ਟੀ ਦਿੱਤੀ ਹੈ। ਮੋਰਚੇ ਦੀਆਂ ਪ੍ਰਾਪਤੀਆ ਨੂੰ ਹਾਂ ਪੱਖੀ ਨਜ਼ਰੀਏ ਨਾਲ ਵੇਖਣਾ ਪਵੇਗਾ ਕਿਉਕਿ ਲੰਮਾ ਸਮਾਂ ਚਲੇ ਮੋਰਚੇ ਨੇ ਕੌਮੀ ਏਕਤਾ ਨੂੰ ਬਣਾਇਆ, ਬੇਅਦਬੀ ਦੇ ਦੋਸ਼ੀਆ ਨੂੰ ਫੜਵਾਈਆ, ਅਣਪਛਾਤੀ ਪੁਲਿਸ ਦੀ ਸਨਾਖਤ ਕਰਕੇ ਕੇਸ ਦਰਜ ਕੀਤੇ, ਸ਼ਹੀਦ ਪਰਿਵਾਰਾ ਨੂੰ ਕਰੋੜਾਂ ਰੁਪਏ ਮੁਆਵਜ਼ਾ, ਸੀ ਬੀ ਆਈ ਦੀ ਜਾਂਚ ਨੂੰ ਵਾਪਸ ਕਰਕੇ ਜਾਂਚ ਕਮੇਟੀ ਨੂੰ ਸੌਂਪਣਾ, ਵਿਧਾਨ ਸਭਾ ਦਾ ਵਿਸੇਸ਼ ਸ਼ੈਸਨ ਸੱਦਿਆ ਜਾਣਾ, ਬੜਗਾੜੀ ਪਿੰਡ ਦਾ ਬਰਗਾੜੀ ਸਾਹਿਬ ਹੋਣਾ, ਡੇਰੇ ਨਾਲ ਸਬੰਧਿਤ ਨਾਮ ਚਰਚਾ ਨੂੰ ਬੰਦ ਕਰਵਾਉਣ ਸਬੰਧੀ ਸਿੱਖਾ ਉਪਰ ਬਣੇ ਕੇਸਾਂ ਨੂੰ ਵਾਪਸ ਲੈਣਾ, ਸਿੱਖ ਕੈਦੀਆਂ ਦੀਆਂ ਰਿਹਾਈਆਂ ( ਭਾਈ ਦਲਬਾਗ ਸਿੰਘ ਬਾਗਾ ਦੀ ਰਿਹਾਈ ), ਕੈਦੀਆਂ ਦੀਆਂ ਪੰਜਾਬ ਵਿੱਚ ਜੇਲ੍ਹ ਤਬਦੀਲੀਆਂ, ਕੈਦੀਆਂ ਦੀ ਛੁੱਟੀ ਪੈਰੋਲ ਵਿੱਚ ਵਾਧਾ, ਪਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸੁਮੇਧ ਸਿੰਘ ਸੈਣੀ, ਅਕਸ਼ੇ ਕੁਮਾਰ ਐਕਟਰ ਆਦਿ ਨੂੰ ਜਾਂਚ ਘੇਰੇ ਹੇਠ ਲਿਆਂਦਾ ਅਤੇ ਮੋੜ ਬੰਬ ਕਾਂਡ ਕੇਸ ਨੂੰ ਖੁਲਵਾਇਆਂ ਆਦਿ ਅਮਨ ਸ਼ਾਤਮਈ ਚੱਲੇ ਮੋਰਚੇ ਦੀਆਂ ਅਜ ਤਕ ਲਗੇ ਮੋਰਚਿਆ ਵਿੱਚ ਵੱਡੀਆਂ ਪਰਾਪਤੀਆਂ ਹਨ। ਸਭ ਤੋਂ ਵੱਡੀ ਪਰਾਪਤੀ ਸ਼ੋਮਣੀ ਅਕਾਲੀ ਦਲ ਉਪਰ ਬਾਦਲ ਪਰਿਵਾਰ ਦੀ ਅਜਾਰੇਦਾਰੀ ਦਾ ਵਕਤੀ ਭੋਗ ਪੈਣਾ ਹੈ। ਪਾਰਟੀ ਦੇ ਪੁਰਾਣੇ ਵੱਡੇ ਟਕਸਾਲੀ ਦਿਗਜਾਂ ਦਾ ਪਾਰਟੀ ਤੋ ਬਗਾਵਤ ਅਤੇ ਪਕਾਸ ਸਿੰਘ ਬਾਦਲ ਦੀ ਉਮਰ ਦੇ ਆਖਰੀ ਸਮੇਂ ਮਿਲੀ ਵੱਡੀ ਢਾਹ ਨੇ ਪਾਰਟੀ ਨੂੰ ਧੋਬੀ ਪਟਕਾ ਦਿੱਤਾ ਹੈ। ਬਾਦਲ ਅਕਾਲੀ ਦਲ ਦੀ ਭਾਈਵਾਲ ਪਾਰਟੀ ਬੀਜੇਪੀ ਵਲੋਂ ਵੀ ਵੱਖੀ ਹੁਝਾਂ ਸੁਰੂ ਹਨ ਹਾਲਤ ਗਰਦਸ਼ ਵਿੱਚ ਹਨ।



ਦਲਵਿੰਦਰ ਸਿੰਘ ਘੁੰਮਣ
0033630073111

ਅਜੋਕੇ ਹਲਾਤਾਂ ਵਿੱਚ ਸ਼ੋਮਣੀ ਅਕਾਲੀ ਦਲ ਦੇ ਨਵਨਿਰਮਾਣ ਦੀਆਂ ਸੰਭਾਵਨਾਵਾਂ ਵਧੀਆਂ ਹਨ। ਚੋਣਾਂ ਦਾ ਸਿਰ ਉਪਰ ਆ ਜਾਣਾ ਨਿੱਤ ਨਵੇਂ ਸਮੀਕਰਨਾਂ ਨੂੰ ਜਨਮ ਦੇ ਰਿਹਾ ਹੈ। ਮਹਾਂ ਗਠਬੰਧਨਾ ਦਾ ਦੌਰ ਸੁਰੂ ਹੈ। ਜਥੇਦਾਰ ਧਿਆਨ ਸਿੰਘ ਮੰਡ ਦਾ ਦੂਸਰੇ ਪੜਾਅ ਦਾ ਮੋਰਚਾ ਵੀ ਅਰੰਭਤਾ ਦੇ ਸੰਕੇਤ ਦੇ ਰਿਹਾ ਹੈ।

ਪਰ ਇੰਨਸਾਫ ਲਈ ਲੜੀ ਜਾ ਰਹੀ ਲੜਾਈ ਦੇ ਕੀ ਸਾਰਥਕ ਨਤੀਜੇ ਸਾਹਮਣੇ ਆਉਣਗੇ। ਜੁਆਬ ਆਉਣ ਵਾਲੇ ਸਮੇ ਦੀ ਬੁਕਲ ਵਿੱਚ ਹੋਣਗੇ। ਕੌਮ ਕੋਲ ਵਕਤ ਸਿਰਫ਼ ਕੌਮੀ ਏਕਤਾ ਕਰਨ ਦਾ ਹੈ।

# ਮਮਤਾ ਵੱਲੋਂ ਸੰਵਿਧਾਨ ਅਤੇ ਮੁਲਕ ਬਚਾਉਣ ਦਾ ਹੋਕਾ

(ਸਫਾ 1 ਦੀ ਬਾਕੀ)

ਸ਼ਾਂਤੀ ਕਾਇਮ ਕਰਨ ਦੇ ਅਧਿਕਾਰ ਹਨ। ਐਤਵਾਰ ਨੂੰ ਜੋ ਵੀ ਘਟਨਾਕ੍ਰਮ ਵਾਪਰਿਆ ਹੈ, ਉਹ ਸੰਵਿਧਾਨ ਭੰਗ ਹੋਣ ਵੱਲ ਇਸ਼ਾਰਾ ਕਰਦੇ ਹਨ।'' ਜਿਵੇਂ ਹੀ ਸੂਬੇ 'ਚ ਸਿਆਸੀ ਪਾਰਾ ਚੜ੍ਹਿਆ ਤਾਂ ਤ੍ਰਿਣਮੂਲ ਕਾਂਗਰਸ ਦੇ ਵਰਕਰਾਂ ਅਤੇ ਹਮਾਇਤੀਆਂ ਨੇ ਪ੍ਰਦਰਸ਼ਨ ਕਰਦਿਆਂ ਰੇਲਾਂ ਰੋਕ ਦਿੱਤੀਆਂ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਉਹ ਸ਼ਾਂਤੀਪੂਰਬਕ ਪ੍ਰਦਰਸ਼ਨ ਚਾਹੁੰਦੇ ਹਨ ਅਤੇ ਕਿਸੇ ਦੇ ਵੀ ਪੁਤਲੇ ਨਾ ਸਾੜੇ ਜਾਣ। ਐਤਵਾਰ ਰਾਤ ਤੋਂ ਧਰਨੇ 'ਤੇ ਬੈਠੀ ਬੈਨਰਜੀ ਦੇ ਮੰਚ 'ਤੇ 'ਸੰਵਿਧਾਨ, ਸੰਘੀ ਢਾਂਚੇ, ਪੁਲੀਸ ਫੋਰਸ, ਆਈਏਐਸ ਅਤੇ ਸਾਰੀਆਂ ਸਿਵਲ ਸੇਵਾਵਾਂ ਨੂੰ ਆਫ਼ਤ ਤੋਂ ਬਚਾਓ' ਵਾਲਾ ਬੈਨਰ ਵੀ ਲੱਗਾ ਹੋਇਆ ਹੈ। ਜ਼ਿਕਰਯੋਗ ਹੈ ਕਿ ਸ਼ਾਰਦਾ ਅਤੇ ਰੋਜ਼ ਵੈੱਲੀ ਚਿੱਟ ਫੰਡ ਘੁਟਾਲੇ ਦੇ ਸਬੰਧ 'ਚ ਪੁਲੀਸ ਕਮਿਸ਼ਨਰ ਰਾਜੀਵ ਕੁਮਾਰ ਤੋਂ ਪੁੱਛ-ਗਿੱਛ ਕਰਨ ਲਈ ਸੀਬੀਆਈ ਕੋਲਕਾਤਾ ਗਈ ਸੀ ਪਰ ਪੁਲੀਸ, ਸੀਬੀਆਈ ਅਧਿਕਾਰੀਆਂ ਨੂੰ ਧੂਹ ਕੇ ਥਾਣੇ ਲੈ ਗਈ ਅਤੇ ਦੁਰਵਿਹਾਰ ਕੀਤਾ ਸੀ।

**ਵਿਰੋਧੀ ਧਿਰ ਵੱਲੋਂ ਮਮਤਾ ਦੀ ਹਮਾਇਤ**

ਕੋਲਕਾਤਾ: ਪੱਛਮੀ ਬੰਗਾਲ ਆਗੂ ਮਮਤਾ ਬੈਨ-ਰਜੀ ਨੂੰ ਕਈ ਖੇਤਰੀ ਦਲਾਂ ਤੋਂ ਹਮਾਇਤ ਮਿਲੀ ਹੈ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ ਚੰਦਰਬਾਬੂ ਨਾਇਡੂ ਨੇ ਕਿਹਾ ਕਿ 19 ਜਨਵਰੀ ਨੂੰ ਪੱਛਮੀ ਬੰਗਾਲ 'ਚ ਵਿਰੋਧੀ ਧਿਰਾਂ ਵੱਲੋਂ ਕੀਤੀ ਗਈ ਸਫ਼ਲ ਰੈਲੀ ਕਾਰਨ ਭਾਜਪਾ ਸਰਕਾਰ ਮਮਤਾ ਬੈਨਰਜੀ ਖ਼ਿਲਾਫ਼ ਬਦਲਾਖੋਰੀ ਦੀ ਕਾਰਵਾਈ ਕਰ ਰਹੀ ਹੈ।

ਟੀਡੀਪੀ ਸੁਪਰੀਮੋ ਨੇ ਕਿਹਾ ਕਿ ਜਿਹੜੇ ਭਾਜਪਾ ਦਾ ਵਿਰੋਧ ਕਰ ਰਹੇ ਹਨ, ਉਨ੍ਹਾਂ ਖ਼ਿਲਾਫ਼ ਪੁਰਾਣੇ ਕੇਸਾਂ ਨੂੰ ਖੋਲ੍ਹਿਆ ਜਾ ਰਿਹਾ ਹੈ। ਸਾਬਕਾ ਪ੍ਰਧਾਨ ਮੰਤਰੀ ਐਚ ਡੀ ਦੇਵ-ਗੌੜਾ ਨੇ ਕਿਹਾ ਕਿ ਮੌਜੂਦਾ ਹਾਲਾਤ ਨੇ ਐਮਰਜੈਂਸੀ ਦੇ ਦਿਨਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਡੀਐਮਕੇ ਮੁਖੀ ਐਮ ਕੇ ਸਟਾਲਿਨ ਨੇ ਕਿਹਾ ਕਿ ਫ਼ਾਸ਼ੀਵਾਦੀ ਭਾਜਪਾ ਸਰਕਾਰ ਹਰੇਕ ਸੰਸਥਾ ਦੀ ਆਜ਼ਾਦੀ ਨੂੰ ਰੋਲ ਰਹੀ ਹੈ।

ਬੀਜੂ ਜਨਤਾ ਦਲ ਆਗੂ ਬੀ ਮਾਹਤਾਬ ਨੇ ਲੋਕ ਸਭਾ 'ਚ ਕਿਹਾ,''ਅਸੀਂ ਬਨਾਨਾ ਰਿਪਬਲਿਕ ਨਹੀਂ ਹਾਂ। ਸੀਬੀਆਈ ਕੇਂਦਰ ਦੇ ਹੱਥਾਂ ਦੀ ਸਿਆਸੀ ਕਠਪੁਤਲੀ ਅਤੇ ਹਥਿਆਰ ਬਣ ਗਈ ਹੈ।'' ਕਾਂਗਰਸ ਆਗੂ ਮਲਿਕਾਰਜੁਨ ਖੜਗੇ ਨੇ ਦੋਸ਼ ਲਾਇਆ ਕਿ ਸਰਕਾਰ ਵਿਰੋਧੀ ਧਿਰ ਦੇ ਖ਼ਾਤਮੇ ਲਈ ਸੀਬੀਆਈ ਦੀ ਵਰਤੋਂ ਕਰ ਰਹੀ ਹੈ।

# ਮੋਦੀ ਸਰਕਾਰ ਉਮੀਦਾਂ ਤੇ ਖਰੀ ਨਹੀਂ ਉਤਰ ਰਹੀ

**ਬੀਮਾਰ ਅਤੇ ਘਾਟੇ 'ਚ ਚਲਣ ਵਾਲੇ ਸਰਕਾਰੀ ਅਦਾਰੇ ਸਰਕਾਰੀ ਕਰਜ਼ੇ ਅਤੇ ਘਾਟੇ 'ਚ ਵਾਧਾ ਕਰ ਰਹੇ ਹਨ। ਸਰਵਜਨਕ ਖੇਤਰ ਦੀ ਹਾਲਤ ਏਅਰ ਇੰਡੀਆ ਅਤੇ ਸਰਵਜਨਕ ਬੈਂਕਾਂ ਦੀ ਮੰਦੀ ਹਾਲਤ ਤੋਂ ਵੇਖੀ ਜਾਂ ਸਮਝੀ ਜਾ ਸਕਦੀ ਹੈ। ਸਾਰੀਆਂ ਸਰਕਾਰੀ ਬੈਂਕਾਂ ਦਾ ਕੁੱਲ ਬਾਜ਼ਾਰ ਮੁੱਲ 4.81 ਲੱਖ ਕਰੋੜ ਹੈ ਜਦਕਿ ਇੱਕਲੇ ਐਚ ਡੀ ਐਫ ਸੀ ਬੈਂਕ ਜੋ ਪ੍ਰਾਈਵੇਟ ਬੈਂਕ ਹੈ ਦਾ ਬਾਜ਼ਾਰ ਮੁੱਲ 5.69 ਲੱਖ ਕਰੋੜ ਹੈ। ਸਾਲ 2015-16 ਦਾ ਬਜ਼ਟ ਘਾਟੇ 'ਚ ਚਲ ਰਹੀਆਂ ਇਕਾਈਆਂ ਵਿੱਚ ਸਰਕਾਰੀ ਨਿਵੇਸ਼ ਲਾਉਣ ਦਾ ਵਾਅਦਾ ਕਰਦਾ ਹੈ। ਸਾਲ 2017 ਵਿੱਚ 24 ਇਕਾਈਆਂ ਨੂੰ ਸਰਕਾਰੀ ਨਿਵੇਸ਼ ਲਈ ਸੂਚੀਬੱਧ ਕੀਤਾ ਗਿਆ।**



ਗੁਰਮੀਤ ਸਿੰਘ ਪਲਾਹੀ
91-98158-02070

ਸੰਸਦ ਚੋਣਾਂ ਆ ਗਈਆਂ ਹਨ। ਮੋਦੀ ਸਰਕਾਰ ਵਲੋਂ ਦੇਸ਼ ਦਾ ਆਪਣਾ ਆਖ਼ਰੀ ਬਜ਼ਟ ਪੇਸ਼ ਕਰ ਦਿੱਤਾ ਗਿਆ ਹੈ। ਹਰ ਵਰਗ ਦੇ ਲੋਕਾਂ ਨੂੰ ਸਰਕਾਰ ਵਲੋਂ ਵੱਡੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ। ਵੈਸੇ ਤਾਂ ਜਦੋਂ ਸਰਕਾਰ ਬਜ਼ਟ ਪੇਸ਼ ਕਰਦੀ ਹੈ, ਲੋਕਾਂ ਨੂੰ ਲਾਲੀ ਪੌਪ ਹੀ ਵਿਖਾਉਂਦੀ ਹੀ ਹੈ। ਕਰੋੜਾਂ ਰੁਪਏ ਭਲਾਈ ਸਕੀਮਾਂ ਲਈ ਅਤੇ ਕਰੋੜਾਂ ਰੁਪਏ ਵਿਕਾਸ ਸਕੀਮਾਂ ਲਈ ਬਜ਼ਟ 'ਚ ਦੇ ਦਿੱਤੇ ਗਏ ਹਨ ਪਰ ਇਹਨਾ ਕਾਰਜਾਂ ਲਈ ਸਰਕਾਰ ਕੋਲ ਪੈਸਾ ਕਿਥੇ ਹੈ? ਅਤੇ ਬਜ਼ਟ ਵਿੱਚ ਜੋ ਵੱਡੇ ਐਲਾਨ ਕੀਤੇ ਗਏ ਹਨ, ਉਹਨਾ ਦਾ ਭੁਗਤਾਨ ਕੌਣ ਕਰੇਗਾ? ਇਸ ਗੱਲ ਸਬੰਧੀ ਸਰਕਾਰ ਵਲੋਂ ਚੁੱਪੀ ਵੱਟ ਲਈ ਗਈ ਹੈ। ਦੇਸ਼ 'ਚ ਕਿਸਾਨ ਸੰਕਟ ਵਿੱਚ ਹੈ। ਮੱਧ ਵਰਗ ਦੇ ਲੋਕਾਂ ਨੂੰ ਆਮਦਨ ਕਰ 'ਚ ਭਾਰੀ ਛੋਟ ਦਿੱਤੀ ਗਈ ਹੈ ਅਤੇ ਹੋਰ ਸਕੀਮਾਂ ਵੀ ਚਾਲੂ ਕਰਨ ਦੀ ਗੱਲ ਕਹੀ ਗਈ ਹੈ। ਮੱਧ ਵਰਗ ਦੇ ਲੋਕ ਕਿਸੇ ਨਾ ਕਿਸੇ ਕਾਰਨ ਸਰਕਾਰ ਤੋਂ ਨਾਰਾਜ਼ ਹਨ ਉਹਨਾ ਨੂੰ ਆਮਦਨ ਕਰ 'ਚ ਵੱਡੀ ਛੋਟ ਦਿੱਤੀ ਗਈ ਹੈ। ਕੀ ਆਮਦਨ ਕਰ ਛੋਟਾਂ ਨਾਲ ਉਹ ਸੰਤੁਸ਼ਟ ਹੋ ਜਾਣਗੇ?ਲੋਕ ਸਭਾ ਦੀਆਂ ਚੋਣਾਂ ਸਿਰ ਤੇ ਹਨ ਤੇ ਸਰਕਾਰ ਦੀ ਚਿੰਤਾ ਉਸ ਵਲੋਂ ਸ਼ੁਰੂ ਕੀਤੇ ਉਹ ਕੰਮ ਹਨ ਜੋ ਅਧੂਰੇ ਪਏ ਹਨ। 2014 ਦੇ ਸਰਕਾਰ ਨੇ ਦੋ ਕਰੋੜ ਨੌਕਰੀਆਂ ਸਿਰਜਣ ਦਾ ਟੀਚਾ ਮਿੱਥਿਆ ਸੀ। 'ਸਭ ਕਾ ਸਾਥ,ਸਭ ਕਾ ਵਿਕਾਸ' ਦਾ ਨਾਹਰਾ ਦਿੱਤਾ ਗਿਆ। ਪਿੰਡ ਪੰਚਾਇਤਾਂ ਨੂੰ ਮਜ਼ਬੂਤ ਕਰਨ ਦਾ ਨਿਰਣਾ ਕੀਤਾ ਸੀ। 2014-15 ਦਾ ਬਜ਼ਟ ਕਹਿੰਦਾ ਹੈ ਕਿ ''ਸਰਕਾਰ ਘੱਟੋ-ਘੱਟ ਅਤੇ ਸ਼ਾਸ਼ਨ ਵਧ ਤੋਂ ਵੱਧ'' ਦਾ ਸਿਧਾਂਤ ਦੇਸ਼ 'ਚ ਲਾਗੂ ਹੋਏਗਾ। ਸਾਲ 2014 ਵਿੱਚ ਇੱਕ ਸੌ ਸਮਾਰਟ ਸਿਟੀ ਬਨਾਉਣ ਦਾ ਵਾਇਦਾ ਕੀਤਾ ਗਿਆ। 2017 ਵਿੱਚ ਕਿਸਾਨਾਂ ਦੀ ਆਮਦਨ 5 ਵਰ੍ਹਿਆਂ 'ਚ ਦੁਗਣੀ ਕਰਨ ਦਾ ਫੈਸਲਾ ਲਿਆ ਗਿਆ।

ਹੈਰਾਨੀ ਭਰੀ ਪ੍ਰੇਸ਼ਾਨੀ ਦੀ ਗੱਲ ਇਹ ਹੈ ਕਿ ਦੇਸ਼ ਦੇ ਸਰਕਾਰੀ ਵਿਭਾਗਾਂ ਵਿੱਚ 20 ਲੱਖ ਅਸਾਮੀਆਂ ਖਾਲੀ ਹਨ। ਇੱਕਲੇ ਕੇਂਦਰ ਸਰਕਾਰ ਦੇ ਵੱਖੋ-ਵੱਖਰੇ ਮਹਿਕਮਿਆਂ 'ਚ 4.12 ਲੱਖ ਅਸਾਮੀਆਂ ਉਤੇ ਕਰਮਚਾਰੀ ਭਰਤੀ ਨਹੀਂ ਕੀਤੇ ਜਾ ਰਹੇ। ਬੇਰੁਜ਼ਗਾਰੀ ਉਤੇ ਬਹਿਸ ਤਾਂ ਲਗਾਤਾਰ ਕੀਤੀ ਜਾਂਦੀ ਹੈ ਪਰ ਨਾ ਕੇਂਦਰ ਸਰਕਾਰ, ਨਾ ਸੂਬਾ ਸਰਕਾਰਾਂ ਇਹ ਦੱਸ ਪਾ ਰਹੀਆਂ ਹਨ ਕਿ ਸਰਕਾਰੀ ਮਹਿਕਮਿਆਂ 'ਚ ਇਹ ਅਸਾਮੀਆਂ ਖਾਲੀ ਕਿਉਂ ਹਨ? ਮਈ 2016 ਵਿੱਚ ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਵਿਭਾਗ ਨੇ ਸੂਬਿਆਂ ਨੂੰ 3784 ਜਨਗਨਣਾ ਸ਼ਹਿਰਾਂ ਨੂੰ ਮਿਊਂਸਪਲ ਕਮੇਟੀਆਂ 'ਚ ਬਦਲਣ ਲਈ ਕਿਹਾ। ਇਸ ਨਾਲ ਘੱਟੋ-ਘੱਟ ਦੋ ਲੱਖ ਨੌਕਰੀਆਂ ਪੈਦਾ ਹੋਣੀਆਂ ਸਨ। ਪਰ ਦੇਸ਼ ਦੀ ਕਿਸੇ ਵੀ ਸੂਬਾ ਸਰਕਾਰ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ।

ਭਾਵੇਂ ਖੇਤੀ ਸੰਕਟ ਦੀ ਗੱਲ ਨਵੀਂ ਨਹੀਂ ਹੈ। ਪੇਂਡੂ ਭਾਰਤ ਵਿੱਚ ਜੀਅ ਪ੍ਰਤੀ ਆਮਦਨ ਸ਼ਹਿਰੀ ਭਾਰਤ ਦੇ ਮੁਕਾਬਲੇ 50 ਫੀਸਦੀ ਤੋਂ ਵੀ ਘੱਟ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 1,12,835 ਰੁਪਏ ਹੈ। 78 ਫੀਸਦੀ ਪੇਂਡੂ ਆਬਾਦੀ ਵਾਲੇ ਉਤਰਪ੍ਰਦੇਸ਼ ਦੀ ਪ੍ਰਤੀ ਜੀਅ ਆਮਦਨ ਇਸਦੇ ਅੱਧ ਤੋਂ ਵੀ ਘੱਟ ਹੈ ਅਤੇ ਬਿਹਾਰ ਦੀ ਪ੍ਰਤੀ ਜੀਅ ਆਮਦਨ ਰਾਸ਼ਟਰੀ ਆਮਦਨ ਦਾ ਇੱਕ ਤਿਹਾਈ ਹੈ। ਇਸਦਾ ਮੁੱਖ ਕਾਰਨ ਪੇਂਡੂ ਅਰਥ-ਵਿਵਸਥਾ ਵਿੱਚ ਖੇਤੀ ਖੇਤਰ ਨੂੰ ਅਣਡਿੱਠ ਕੀਤਿਆਂ ਜਾਣਾ ਹੈ। ਸਾਲਾਂ ਤੋਂ ਸਿਆਸੀ ਲੋਕ ਖੇਤੀ ਨਾਲ ''ਦਾਨ ਪੁੰਨ'' ਜਿਹਾ ਵਰਤਾਉ ਕਰਦੇ ਹਨ। ਜਦੋਂ ਵੀ ਕਿਸਾਨਾਂ ਉਤੇ ਕੋਈ ਔਕੜ ਆਈ। ਥੋੜ੍ਹੀ ਬਹੁਤੀ ਰਲੀਫ਼ ਉਹਨਾ ਨੂੰ ਦੇ ਦਿੱਤੀ ਗਈ। ਕਿਸਾਨ ਕਰਜ਼ਾਈ ਹੋ ਗਏ। ਸਰਕਾਰਾਂ ਵਲੋਂ ਕਰਜ਼ਾ ਮੁਆਫੀ ਯੋਜਨਾਵਾਂ ਉਲੀਕ ਲਈਆਂ ਗਈਆਂ ਜਦਕਿ ਲੋੜ ਬਜ਼ਾਰ ਅਤੇ ਕਰਜ਼ੇ ਤੱਕ ਉਹਨਾ ਨੂੰ ਪਹੁੰਚ ਦੀ ਆਜ਼ਾਦੀ ਦੇਣ ਦੀ ਹੈ। ਉਦਾਹਰਨ ਵਜੋਂ ਅਮੂਲ-ਜਿਹੀਆਂ ਸੰਸਥਾਵਾਂ ਦੇਸ਼ ਦੇ ਹਰ ਕੋਨੇ 'ਚ ਬਣਾਕੇ ਕਿਸਾਨਾਂ ਦੇ ਉਤਪਾਦਨ ਨੂੰ ਸਹੀ ਢੰਗ ਨਾਲ ਖਰੀਦਿਆਂ ਵੇਚਿਆ ਜਾ ਸਕਦਾ ਹੈ। ਪਰ ਸਰਕਾਰੀ ਢਾਂਚਾ ਕਮਜ਼ੋਰ ਹੈ। ਜਲਦੀ ਖਰਾਬ ਹੋਣ ਵਾਲੀਆਂ ਖਾਣ ਵਾਲੀਆਂ ਚੀਜ਼ਾਂ ਨੂੰ ਸੰਭਾਲਕੇ ਰੱਖਣ ਦਾ ਕੋਈ ਯੋਗ ਪ੍ਰਬੰਧ ਹੀ ਦੇਸ਼ ਕੋਲ ਨਹੀਂ ਹੈ। ਖੇਤੀ ਉਤਪਾਦਨ ਦੀਆਂ ਇੱਕ ਤਿਹਾਈ ਤੋਂ ਵੱਧ ਚੀਜ਼ਾਂ-ਵਸਤਾਂ ਖਰਾਬ ਹੋ ਜਾਂਦੀਆਂ ਹਨ। ਉਹਨਾ ਨੂੰ ਉਂਜ ਵੀ ਆਪਣੇ ਉਤਪਾਦਨ ਦਾ ਸਹੀ ਮੁੱਲ ਨਹੀਂ ਮਿਲਦਾ। ਡਾ: ਸਵਾਮੀਨਾਥਨ ਕਮੇਟੀ ਦੀ ਕਿਸਾਨੀ ਸਬੰਧੀ ਰਿਪੋਰਟ ਲਾਗੂ ਕਰਨਾ ਸਮੇਂ ਦੀ ਲੋੜ ਹੈ। ਪਰ ਉਧਰ ਕਿਸੇ ਵੀ ਸਰਕਾਰ ਦਾ ਧਿਆਨ ਨਹੀਂ। ਸਿੰਚਾਈ ਦੇ ਸਾਧਨ ਠੀਕ ਨਹੀਂ। ਸੋਕਾ ਜਾਂ ਵਧੇਰੇ ਮੀਂਹ ਕਿਸਾਨਾਂ ਦੀ ਫਸਲ ਖਰਾਬ ਕਰ ਦੇਂਦੇ ਹਨ। ਮੌਜੂਦਾ ਫਸਲ ਬੀਮਾ ਨੀਤੀ ਕਿਸਾਨਾਂ ਨੂੰ ਰਾਸ ਨਹੀਂ ਆ ਰਹੀ, ਇਸਦਾ ਫਾਇਦਾ ਪ੍ਰਾਈਵੇਟ ਜਾਂ ਸਰਕਾਰੀ ਬੀਮਾ ਏਜੰਸੀਆਂ ਉਠਾ ਰਹੀਆਂ ਹਨ। ਸਿੱਟੇ ਵਜੋਂ ਘਾਟੇ ਦੀ ਖੇਤੀ ਕਾਰਨ ਪੇਂਡੂ ਅਰਥਚਾਰਾ ਪੂਰੀ ਤਰ੍ਹਾਂ ਤਹਿਸ਼-ਨਹਿਸ਼ ਹੋ ਰਿਹਾ ਹੈ।

ਬੀਮਾਰ ਅਤੇ ਘਾਟੇ 'ਚ ਚਲਣ ਵਾਲੇ ਸਰਕਾਰੀ ਅਦਾਰੇ ਸਰਕਾਰੀ ਕਰਜ਼ੇ ਅਤੇ ਘਾਟੇ 'ਚ ਵਾਧਾ ਕਰ ਰਹੇ ਹਨ। ਸਰਵਜਨਕ ਖੇਤਰ ਦੀ ਹਾਲਤ ਏਅਰ ਇੰਡੀਆ ਅਤੇ ਸਰਵਜਨਕ ਬੈਂਕਾਂ ਦੀ ਮੰਦੀ ਹਾਲਤ ਤੋਂ ਵੇਖੀ ਜਾਂ ਸਮਝੀ ਜਾ ਸਕਦੀ ਹੈ। ਸਾਰੀਆਂ ਸਰਕਾਰੀ ਬੈਂਕਾਂ ਦਾ ਕੁੱਲ ਬਾਜ਼ਾਰ ਮੁੱਲ 4.81 ਲੱਖ ਕਰੋੜ ਹੈ ਜਦਕਿ ਇੱਕਲੇ ਐਚ ਡੀ ਐਫ ਸੀ ਬੈਂਕ ਜੋ ਪ੍ਰਾਈਵੇਟ ਬੈਂਕ ਹੈ ਦਾ ਬਾਜ਼ਾਰ ਮੁੱਲ 5.69 ਲੱਖ ਕਰੋੜ ਹੈ। ਸਾਲ 2015-16 ਦਾ ਬਜ਼ਟ ਘਾਟੇ 'ਚ ਚਲ ਰਹੀਆਂ ਇਕਾਈਆਂ ਵਿੱਚ ਸਰਕਾਰੀ ਨਿਵੇਸ਼ ਲਾਉਣ ਦਾ ਵਾਅਦਾ ਕਰਦਾ ਹੈ। ਸਾਲ 2017 ਵਿੱਚ 24 ਇਕਾਈਆਂ ਨੂੰ ਸਰਕਾਰੀ ਨਿਵੇਸ਼ ਲਈ ਸੂਚੀਬੱਧ ਕੀਤਾ ਗਿਆ। ਜਦਕਿ 82 ਕੇਂਦਰੀ ਸਰਬਜਨਕ ਖੇਤਰ ਵਿੱਚ ਚਲ ਰਹੀਆਂ ਸੰਸਥਾਵਾਂ ਘਾਟੇ 'ਚ ਹਨ। ਸਾਲ 2007-08 ਤੋਂ 2016-17 ਦੇ ਵਿਚਕਾਰ ਸਾਰੀਆਂ ਸਰਬਜਨਕ ਸੰਸਥਾਵਾਂ ਦਾ ਕੁਲ ਘਾਟਾ 2,23,859 ਕਰੋੜ ਰੁਪਏ ਹੈ। ਪਰ ਸਰਕਾਰ ਦਾ ਧਿਆਨ ਸਰਕਾਰੀ ਸਰਬਜਨਕ ਸੰਸਥਾਵਾਂ ਦੀ ਸਿਹਤ ਠੀਕ ਕਰਨ ਦੀ ਬਜਾਏ ਨਿੱਜੀਕਰਨ ਨੂੰ ਉਤਸ਼ਾਹਤ ਕਰਕੇ ਫਾਇਦਾ ਦੇਣ ਤੱਕ ਸੀਮਤ ਹੋਕੇ ਰਹਿ ਗਿਆ ਹੈ।

ਭਾਜਪਾ ਨੇ 2014 ਵਿੱਚ ਆਪਣੇ ਚੋਣ ਪ੍ਰਚਾਰ ਵਿੱਚ ਮਨਮੋਹਨ ਸਿੰਘ ਦੀ ਯੂ.ਪੀ.ਏ. ਸਰਕਾਰ ਉਤੇ 'ਟੈਕਸ ਆਤੰਕਵਾਦ' ਦਾ ਦੋਸ਼ ਲਾਇਆ ਸੀ ਅਤੇ ਉਸ ਵਿੱਚ ਤਬਦੀਲੀ ਕਰਨ ਦਾ ਵਾਇਦਾ ਕੀਤਾ ਸੀ। 2015-16 ਦੇ ਬਜ਼ਟ ਵਿੱਚ ਸਰਕਾਰ ਨੇ ''ਬੇਹਤਰ ਅਤੇ ਗੈਰ-ਪ੍ਰਤੀਕੂਲ ਟੈਕਸ ਪ੍ਰਬੰਧ'' ਦਾ ਵਾਇਦਾ ਕੀਤਾ। 2014-15 ਵਿੱਚ ਚਾਰ ਲੱਖ ਕਰੋੜ ਤੋਂ ਜਿਆਦਾ ਟੈਕਸ ਮੰਗਾਂ ਪ੍ਰਤੀ ਵਿਵਾਦ ਸੀ। ਹੁਣ ਵੀ ਲੰਬਿਤ ਮਾਮਲਿਆਂ ਦੀ ਗਿਣਤੀ 4.69 ਲੱਖ ਤੋਂ ਜਿਆਦਾ ਹੈ। 2018 ਦੇ ਬਜ਼ਟ ਦੇ ਅਨੁਸਾਰ 7.38 ਲੱਖ ਕਰੋੜ ਰੁਪਏ ਦੀ ਰਾਸ਼ੀ ਅਟਕੀ ਪਈ ਹੈ। ਇਸ ਸਾਲ ਜਿੰਨੇ ਟੈਕਸ ਦੀ ਉਗਰਾਹੀ ਦੀ ਆਸ ਸੀ, ਇਹ ਲਗਭਗ ਉਸਦਾ ਅੱਧਾ ਹੈ। ਇਹੋ ਜਿਹੇ ਹਾਲਾਤਾਂ ਵਿੱਚ ਐਤਕਾਂ ਦੇ ਬਜ਼ਟ ਵਿਚਲੀਆਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਤੇ ਰਲੀਫ਼ ਲਈ ਪੈਸੇ ਦਾ ਪ੍ਰਬੰਧ ''ਹਵਾ-ਹਵਾਈ'' ਸਾਧਨਾਂ ਉਤੇ ਛੱਡ ਦਿੱਤਾ ਜਾਂਦਾ ਹੈ।

ਸ਼ਹਿਰੀਕਰਨ ਵਿਕਾਸ ਨੂੰ ਗਤੀ ਦਿੰਦਾ ਹੈ। 2014 ਚੋਣਾਂ ਵਿੱਚ ਸਭ ਤੋਂ ਦਿਲ ਖਿੱਚਵਾਂ ਪਹਿਲੂ ਦੇਸ਼ ਵਿੱਚ ਸੌ ਸਮਾਰਟ ਸਿਟੀ ਬਨਾਉਣ ਦਾ ਵਾਇਦਾ ਸੀ। 2014-15 ਦਾ ਬਜ਼ਟ ਪ੍ਰਧਾਨ ਮੰਤਰੀ ਦੇ ਇੱਕ ਸੌ ਸਮਾਰਟ ਸਿਟੀ ਨੂੰ ਵਿਕਸਤ ਕਰਨ ਦਾ ਦ੍ਰਿਸ਼ਟੀਕੋਨ ਦਰਸਾਉਂਦਾ ਹੈ, ਇਸ ਪ੍ਰਾਜੈਕਟ ਲਈ ਮੁਢਲੇ ਤੌਰ ਤੇ 7060 ਕਰੋੜ ਰੁਪਏ ਇਹਨਾ ਚੁਣੇ ਹੋਏ ਸ਼ਹਿਰਾਂ ਨੂੰ ਵੰਡੇ ਗਏ ਪਰ ਸਮਾਰਟ ਸਿਟੀ ਦੇ ਵਿਚਾਰ ਨੂੰ ਬਾਅਦ 'ਚ ਰੱਦੀ ਦੀ ਟੋਕਰੀ 'ਚ ਸੁੱਟ ਦਿੱਤਾ ਗਿਆ। ਸੰਸਦੀ ਸਥਾਈ ਕਮੇਟੀ ਵਲੋਂ ਜੁਲਾਈ 2018 ਵਿੱਚ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਸਮਾਰਟ ਸਿਟੀ ਯੋਜਨਾ ਲਈ ਜਾਰੀ ਕੀਤੇ 9943.22 ਕਰੋੜ ਰੁਪਿਆ ਵਿਚੋਂ ਸਿਰਫ 182.62 ਕਰੋੜ ਹੀ ਖਰਚੇ ਗਏ ਭਾਵ ਸਿਰਫ 1.8 ਫੀਸਦੀ। ਪਰ ਤਾਜਾ ਅੰਕੜੇ ਇਹ ਕਹਿੰਦੇ ਹਨ ਕਿ ਸਮਾਰਟ ਸਿਟੀ ਯੋਜਨਾ ਲਈ 10504 ਕਰੋੜ ਵੰਡੇ ਗਏ ਪਰ ਉਹਨਾ ਵਿਚੋਂ ਸਿਰਫ 931 ਕਰੋੜ ਰੁਪਿਆ ਦੀ ਹੀ ਹੁਣ ਤੱਕ ਵਰਤੋਂ ਹੋਈ ਹੈ।

ਪਿਛਲੇ ਪੰਜ ਸਾਲ ਸਰਕਾਰ ਨੇ ਵੱਡੀਆਂ ਗਲਤੀਆਂ ਕੀਤੀਆਂ ਹਨ। ਇਹਨਾ ਗਲਤੀਆਂ ਦਾ ਨਤੀਜਾ ਹੀ ਹੈ ਕਿ ਸਰਕਾਰ ਅੱਜ ਉਮੀਦਾਂ ਉਤੇ ਖਰਾ ਨਹੀਂ ਉਤਰ ਰਹੀ। ਸਵਾਲ ਇਹ ਨਹੀਂ ਹੈ ਕਿ ਦੂਸਰੀਆਂ ਸਰਕਾਰਾਂ ਨੇ ਕੀ ਕੰਮ ਕੀਤੇ ਹਨ, ਸਵਾਲ ਇਹ ਹੈ ਕਿ ਉਸ ਨੇ ਆਪ ਕਿਹੜੇ ਲੋਕ ਭਲਾਈ ਵਾਲੇ ਲੋਕ ਹਿਤੈਸ਼ੀ ਕੰਮ ਕੀਤੇ ਹਨ, ਸ਼ੁਰੂ ਕੀਤੀਆਂ ਵਿਕਾਸ ਦੀਆਂ ਕਿਹੜੀਆਂ ਯੋਜਨਾਵਾਂ ਨੂੰ ਸਿਰੇ ਚਾੜ੍ਹਿਆ ਹੈ? ਮੋਦੀ ਸਰਕਾਰ ਗਰੀਬ ਪੱਖੀ ਦਿਖਣਾ ਚਾਹੁੰਦੀ ਹੈ, ਪਰ ਦਿਖ ਨਹੀਂ ਰਹੀ। ਕਿਸਾਨਾਂ ਪੱਖੀ ਦਿਖਣਾ ਚਾਹੁੰਦੀ ਹੈ ਪਰ ਦਿਖ ਨਹੀਂ ਰਹੀ। ਦੇਸ਼ ਦੇ ਵੱਖੋ-ਵੱਖਰੇ ਖੇਤਰਾਂ ਵਿੱਚ ਖਾਮੋਸ਼ ਸੰਕਟ ਦਿਖਾਈ ਦੇ ਰਿਹਾ ਹੈ। ਸਰਕਾਰ ਸਰਕਾਰੀ ਖਜ਼ਾਨੇ 'ਚ ਘਾਟੇ 'ਚ ਸੁਧਾਰ ਦੀ ਗੱਲ ਕਰਦੀ ਹੈ ਪਰ ਬੁਨਿਆਦੀ ਢਾਂਚੇ ਦੀ ਉਸਾਰੀ ਕਰਨ ਵਾਲੇ ਠੇਕੇਦਾਰਾਂ, ਪ੍ਰਾਈਵੇਟ ਬਿਜਲੀ ਉਤਪਾਦਕਾਂ, ਘੱਟ ਕੀਮਤ ਵਾਲੀਆਂ ਰਿਹਾਇਸ਼ੀ ਕਾਲੋਨੀਆਂ ਉਸਾਰਨ ਵਾਲੇ ਕਾਰੋਬਾਰੀਆਂ ਦਾ ਵੱਡਾ ਭੁਗਤਾਣ ਕਰਨ ਵਾਲਾ ਪਿਆ ਹੈ। ਇਹ ਭੁਗਤਾਣ ਕਰਨ ਉਪਰੰਤ ਸਰਕਾਰ ਕੋਲ ਕੀ ਬਚੇਗਾ, ਜਿਸ ਨਾਲ ਅੱਗੋਂ ਯੋਜਨਾਵਾਂ ਚਲਾਈਆਂ ਜਾ ਸਕਣਗੀਆਂ? ਅੱਜ ਵੀ ਦੇਸ਼ ਵਿੱਚ 30 ਕਰੋੜ ਲੋਕ ਅਤਿ ਦੇ ਗਰੀਬ ਹਨ। ਗਰੀਬੀ ਅਤੇ ਘੱਟੋ-ਘੱਟ ਸਹੂਲਤਾਂ ਦੀ ਕਮੀ ਲੋਕਾਂ ਦੇ ਜੀਵਨ ਨੂੰ ਅਪੰਗ ਬਣਾ ਰਹੀ ਹੈ। ਦੇਸ਼ ਵਿਚਲੇ ਅਸਤੁੰਲਿਤ ਵਿਕਾਸ ਨੇ ਗਰੀਬੀ ਅਮੀਰੀ 'ਚ ਪਾੜਾ ਵਧਾ ਦਿੱਤਾ ਹੈ। ਵਿਕਾਸ ਦਾ ਅਰਥ ਸਿਰਫ ਉਦਮਸ਼ੀਲਤਾ ਅਤੇ ਆਰਥਿਕ ਗਤੀਵਿਧੀਆਂ 'ਚ ਵਾਧਾ ਕਰਨਾ ਹੀ ਨਹੀਂ, ਸਗੋਂ ਦੇਸ਼ ਦੇ ਨਾਗਰਿਕਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕਰਨਾ ਵੀ ਹੁੰਦਾ ਹੈ। ਪਰ ਪਿਛਲੇ ਪੰਜ ਸਾਲਾਂ ਦੇ ਮੋਦੀ ਸਾਸ਼ਨ ਵਿੱਚ ਗੱਲਾਂ ਵੱਧ ਅਤੇ ਕੰਮ ਘੱਟ ਹੋਇਆ ਹੈ। ਤਦੇ ਆਮ ਲੋਕਾਂ ਵਲੋਂ ਸਰਕਾਰ ਦੀ ਕਾਰਗੁਜ਼ਾਰੀ ਸਬੰਧੀ ਲਗਾਤਾਰ ਸਵਾਲ ਉੱਠ ਰਹੇ ਹਨ।


# ਰਾਖਵਾਂਕਰਨ ਵਿਰੋਧੀ ਹੈ 13 ਪੁਆਇੰਟ ਰੋਸਟਰ ਪ੍ਰਣਾਲੀ



ਕੁਲਵੰਤ ਸਿੰਘ ਟਿੱਬਾ
91-92179-71379

ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਜੀ ਨੇ ਜਾਤੀ ਅਧਾਰ ਤੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੌਰ ’ਤੇ ਪਛੜੀਆਂ ਜਾਤਾਂ ਲਈ ਰਾਖਵਾਂਕਰਨ ਦਾ ਸੰਵਿਧਨਿਕ ਹੱਕ ਦਿੱਤਾ ਸੀ ਤਾਂ ਜੋ ਜਾਤੀ ਅਧਾਰ ਤੇ ਹਾਸ਼ੀਏ ਤੇ ਧੱਕ ਦਿੱਤੀਆਂ ਗਈਆਂ ਜਾਤੀਆਂ ਸਮਾਜਿਕ ਸੁਰੱਖਿਆ ਅਤੇ ਦੇਸ਼ ਦੇ ਹਰ ਖੇਤਰ ਵਿੱਚ ਉਨ੍ਹਾਂ ਦੀ ਹਿੱਸੇਦਾਰੀ ਯਕੀਨੀ ਬਣਾਈ ਜਾ ਸਕੇ ਪਰ ਸਮੇਂ-ਸਮੇਂ ਇਸ ਰਾਖਵਾਂਕਰਨ ਪ੍ਰਣਾਲੀ ਨੂੰ ਲੈ ਕੇ ਵਾਦ-ਵਿਵਾਦ ਹੁੰਦੇ ਹਨ। ਆਮ ਤੌਰ ਤੇ ਰਾਖਵਾਂਕਰਨ ਵਿਰੋਧੀ ਇਸ ਸੰਵਿਧਨਿਕ ਵਿਵਸਥਾ ਨੂੰ ਇੱਕ ਗਰੀਬੀ ਹਟਾਓ ਪ੍ਰੋਗਰਾਮ ਹੀ ਸਮਝਦੇ ਰਹੇ ਹਨ ਜਦਕਿ ਅਜਿਹਾ ਨਹੀਂ ਹੈ ਕਿਉਂਕਿ ਇਹ ਸ਼ਾਸਨ-ਪ੍ਰਸ਼ਾਸਨ ਵਿੱਚ ਹਿੱਸੇਦਾਰੀ ਦਾ ਸਵਾਲ ਹੈ।

ਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ 200 ਪੁਆਇੰਟ ਦੀ ਥਾਂ 13 ਪੁਆਇੰਟ ਰੋਸਟਰ ਲਾਗੂ ਕਰਨ ਨੂੰ ਲੈ ਕੇ ਅਨਸੂਚਿਤ ਜਾਤੀ, ਅਨਸੂਚਿਤ ਜਨ ਜਾਤੀ ਅਤੇ ਪਛੜੇ ਵਰਗਾਂ ਵੱਲੋਂ ਲਗਾਤਾਰ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਜੋ ਜਾਇਜ਼ ਵੀ ਹਨ। ਰੋਸਟਰ ਸ਼ਬਦ ਤੋਂ ਭਾਵ ਕੋਈ ਕੰਮ ਕਰਨ ਦੀ ਤਰਤੀਬ ਤੋਂ ਲਿਆ ਜਾਂਦਾ ਹੈ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੋਵੇ ਕਿ ਕਿਹੜਾ ਕੰਮ ਕਦੋਂ ਅਤੇ ਕਿਸ ਤਰੀਕੇ ਨਾਲ ਕਰਨਾ ਹੈ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਯੂਨੀਵਰਸਿਟੀ ਨੂੰ ਇਕਾਈ ਮੰਨ ਕੇ ਪ੍ਰੋਫ਼ੈਸਰਾਂ ਦੀ ਭਰਤੀਆਂ 200 ਪੁਆਇੰਟ ਵਾਲੇ ਰੋਸਟਰ ਤਹਿਤ ਕੀਤੀਆਂ ਜਾਂਦੀਆਂ ਸਨ ਜੋ ਕਿ ਅਮਾਸੀਆਂ ਵਿੱਚ ਰਾਖਵਾਂਕਰਨ ਦੀ ਤਰਤੀਬ ਨਾਲ ਸਬੰਧਿਤ ਸੀ। ਹਾਲ ਹੀ ਵਿੱਚ ਦੇਸ਼ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੇ ਕੇਂਦਰੀ ਯੂਨੀਵਰਸਿਟੀਆਂ ਵਿੱਚ ਪ੍ਰੋਫ਼ੈਸਰ ਅਤੇ ਸਹਾਇਕ ਪ੍ਰੋਫ਼ੈਸਰਾਂ ਦੀ ਭਰਤੀ ਕਰਨ ਲਈ 13 ਪੁਆਇੰਟ ਰੋਸਟਰ ਸਿਸਟਮ ਲਾਗੂ ਕਰਨ ਵਾਲੇ ਇਲਾਹਾਬਾਦ ਹਾਈਕੋਰਟ ਦੇ ਫ਼ੈਸਲੇ ਜਾਇਜ਼ ਦੱਸਦਿਆਂ ਲਾਗੂ ਕਰਨ ਦਾ ਹੁਕਮ ਸੁਣਾਇਆ ਹੈ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨੂੰ ਉੱਚ ਸਿੱਖਿਆ ਸੰਸਥਾਵਾਂ ਵਿੱਚ ਅਨਸੂਚਿਤ ਜਾਤੀ, ਅਨਸੂਚਿਤ ਜਨ ਜਾਤੀ ਅਤੇ ਪੱਛੜੇ ਵਰਗਾਂ ਲਈ ਲਾਗੂ ਸੰਵਿਧਾਨਿਕ ਰਾਖਵਾਂਕਰਨ ਦੇ ਮੁਕੰਮਲ ਖ਼ਾਤਮੇ ਦਾ ਮੁੱਢ ਕਿਹਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਕੇਂਦਰੀ ਯੂਨੀਵਰਸਿਟੀਆਂ ਅੰਦਰ ਅਸਾਮੀਆਂ ਦੀ ਭਰਤੀ ਸਮੇਂ ਯੂਨੀਵਰਸਿਟੀ ਨੂੰ ਇਕਾਈ ਮੰਨ ਕੇ ਭਰਤੀਆਂ ਕੀਤੀਆਂ ਜਾਂਦੀਆਂ ਸਨ ਪਰ 5 ਮਾਰਚ 2017 ਨੂੰ ਇਲਾਹਾਬਾਦ ਹਾਈਕੋਰਟ ਨੇ ਫ਼ੈਸਲਾ ਕੀਤਾ ਕਿ ਯੂਨੀਵਰਸਿਟੀ ਨੂੰ ਇਕਾਈ ਮੰਨਣ ਦੀ ਥਾਂ ਸਿਰਫ਼ ਵਿਭਾਗ ਨੂੰ ਇਕਾਈ ਮੰਨ ਕੇ ਰਾਖਵਾਂਕਰਨ ਪਾਲਿਸੀ ਲਾਗੂ ਕਰਨ ਲਈ 13 ਪੁਆਇੰਟ ਰੋਸਟਰ ਸਿਸਟਮ ਲਾਗੂ ਕੀਤਾ ਜਾਵੇ। ਇਹ ਫ਼ੈਸਲਾ ਸੰਵਿਧਾਨਕ ਵਿਵਸਥਾ ਤਹਿਤ ਮਿਲ ਰਹੇ ਰਾਖਵੇਂਕਰਨ ਨੂੰ ਬੁਰੀ ਤਰਾਂ ਪ੍ਰਭਾਵਿਤ ਕਰਦਾ ਹੈ ਅਤੇ ਅਨਸੂਚਿਤ ਜਾਤੀ, ਜਨ ਜਾਤੀ ਅਤੇ ਪਛੜੇ ਵਰਗਾਂ ਦੇ ਰਾਖਵੇਂਕਰਨ ਨੂੰ ਇੱਕ ਤਰਾਂ ਨਾਲ ਖ਼ਤਮ ਕਰ ਦੇਵੇਗਾ। ਜਿਸ ਦੇ ਵਿਰੋਧ ਵਿੱਚ ਕੇਂਦਰ ਸਰਕਾਰ ਦੇ ਹਿਊਮਨ ਰਿਸੋਰਸ ਡਿਵੈਲਪਮੈਂਟ ਮਨਿਸਟਰੀ (ਐੱਮ. ਐੱਚ. ਡੀ. ਆਰ) ਨੇ ਸੁਪਰੀਮ ਕੋਰਟ ਵਿੱਚ ਸਪੈਸ਼ਲ ਲੀਵ ਪਟੀਸ਼ਨ ਦਾਇਰ ਕੀਤੀ ਪਰ 22 ਜਨਵਰੀ 2019 ਨੂੰ ਸੁਪਰੀਮ ਕੋਰਟ ਨੇ ਸਰਕਾਰ ਦੀ ਅਪੀਲ ਰੱਦ ਕਰਦੇ ਹੋਏ ਇਲਾਹਾਬਾਦ ਹਾਈਕੋਰਟ ਦੇ ਫ਼ੈਸਲੇ ਨੂੰ ਬਹਾਲ ਰੱਖਿਆ ਹੈ। ਇਸ ਤੋਂ ਪਹਿਲਾਂ ਕੇਂਦਰੀ ਯੂਨੀਵਰਸਿਟੀਆਂ ਵਿੱਚ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ ਅਤੇ ਸਹਾਇਕ ਪ੍ਰੋਫ਼ੈਸਰਾਂ ਦੀ ਭਰਤੀ 200 ਪੁਆਇੰਟ ਰੋਸਟਰ ਤਹਿਤ ਕੀਤੀ ਜਾਂਦੀ ਸੀ ਕਿਉਂਕਿ ਸੰਵਿਧਾਨ ਅਨੁਸਾਰ ਅਨਸੂਚਿਤ ਜਨ ਜਾਤੀ ਨੂੰ 7.5 ਪ੍ਰਤੀਸ਼ਤ ਰਾਖਵਾਂਕਰਨ ਨੂੰ ਰਾਊਂਡਫਿਗਰ ਵਿੱਚ ਕਰਨ ਲਈ 200 ਪੁਆਇੰਟ ਰੋਸਟਰ ਤਿਆਰ ਕੀਤਾ ਗਿਆ ਸੀ। ਜਿਸ ਅਨੁਸਾਰ ਅਨਸੂਚਿਤ ਜਾਤੀਆਂ ਲਈ 22 ਅਤੇ ਪਛੜੇ ਵਰਗਾਂ ਲਈ 27 ਪ੍ਰਤੀਸ਼ਤ ਰਾਖਵਾਂਕਰਨ ਦਿੱਤਾ ਜਾ ਸਕੇ। ਇਲਾਹਾਬਾਦ ਹਾਈਕੋਰਟ ਨੇ 200 ਪੁਆਇੰਟ ਰੋਸਟਰ ਨੂੰ ਪਲਟ ਕੇ 13 ਪੁਆਇੰਟ ਰੋਸਟਰ ਲਾਗੂ ਕਰਨ ਅਤੇ ਯੂਨੀਵਰਸਿਟੀ ਦੀ ਥਾਂ ਵਿਭਾਗ ਨੂੰ ਇਕਾਈ ਮੰਨਣ ਦਾ ਫ਼ੈਸਲਾ ਸੁਣਾ ਦਿੱਤਾ,ਜਿਸ ਨਾਲ ਰਾਖਵਾਂਕਰਨ ਦੀ ਵਿਵਸਥਾ ਲੱਗਭਗ ਖ਼ਤਮ ਹੋ ਜਾਵੇਗੀ ਕਿਉਂਕਿ 13 ਪੁਆਇੰਟ ਰੋਸਟਰ ਦਾ ਪੈਮਾਨਾ ਬਹੁਤ ਛੋਟਾ ਹੈ, ਜਿਸ ਅਨੁਸਾਰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੌਰ ਤੇ ਪਛੜੀਆਂ ਜਾਤਾਂ ਦੀ ਹਿੱਸੇਦਾਰੀ ਨਹੀਂ ਮਿਲ ਸਕਦੀ। ਇੰਡੀਅਨ ਐਕਸਪ੍ਰੈਸ ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ 40 ਕੇਂਦਰੀ ਯੂਨੀਵਰਸਿਟੀਆਂ ਵਿੱਚ ਕੁੱਲ 2620 ਪ੍ਰੋਫ਼ੈਸਰ ਹਨ ਜਿਨ੍ਹਾਂ ਵਿੱਚ ਅਨਸੂਚਿਤ ਜਾਤੀਆਂ ਦੇ ਸਿਰਫ਼ 130 ਅਤੇ ਜਨ ਜਾਤੀ ਦੇ ਸਿਰਫ਼ 34 ਪ੍ਰੋਫ਼ੈਸਰ ਹਨ ਜਦਕਿ ਪਛੜੇ ਵਰਗ ਦਾ ਇੱਕ ਵੀ ਪ੍ਰੋਫ਼ੈਸਰ ਨਹੀਂ ਹੈ। ਇਹ ਹਾਲ ਉਸ ਸਮੇਂ ਹੈ ਜਦੋਂ ਯੂਨੀਵਰਸਿਟੀ ਨੂੰ ਇਕਾਈ ਮੰਨ ਕੇ 200 ਪੁਆਇੰਟ ਰੋਸਟਰ ਤਹਿਤ ਪ੍ਰੋਫ਼ੈਸਰ ਦੀ ਭਰਤੀ ਕੀਤੀ ਜਾ ਰਹੀ ਹੈ।




ਵਰਤਮਾਨ ਸਥਿਤੀ ਅਨੁਸਾਰ ਕੇਂਦਰੀ ਯੂਨੀਵਰਸਿਟੀਆਂ ਵਿੱਚ ਅਨੁਸੂਚਿਤ ਜਾਤੀਆਂ ਲਈ ਸਿਰਫ਼ 4.96 ਪ੍ਰਤੀਸ਼ਤ ਜਦਕਿ ਜਨ ਜਾਤੀ ਲਈ ਸਿਰਫ਼ 1.30 ਪ੍ਰਤੀਸ਼ਤ ਦੇ ਪ੍ਰੋਫ਼ੈਸਰ ਹਨ ਜਦਕਿ ਪਛੜੇ ਵਰਗਾਂ ਦੀ ਹਿੱਸੇਦਾਰੀ ਨਿੱਲ ਹੈ ਜਦਕਿ ਜਨਰਲ ਵਰਗ ਦੇ 2456 ਪ੍ਰੋਫ਼ੈਸਰ ਹਨ।

ਇਸ ਤੱਥ ਤੋਂ ਸਾਫ਼ ਹੈ ਕਿ ਰਾਖਵਾਂਕਰਨ ਪਹਿਲਾ ਵੀ ਲਾਗੂ ਨਹੀਂ ਸੀ ਅਤੇ ਅੱਗੇ ਤੋਂ ਵੀ ਲਾਗੂ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ ਜਦਕਿ ਸਮਾਜ ਅੰਦਰ ਜਾਤੀ ਅਧਾਰ ਤੇ ਮਿਲੇ ਰਾਖਵਾਂਕਰਨ ਨੂੰ ਸਮਾਜਿਕ ਭਾਈਚਾਰੇ ਨੂੰ ਤੋੜਨ ਵਜੋਂ ਇੱਕ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਅਜਿਹੇ ਹਾਲਾਤ ਇਸ ਲਈ ਪੈਦਾ ਹੋਏ ਹਨ ਕਿ ਸਮੇਂ ਸਮੇਂ ਸਰਕਾਰਾਂ ਨੇ ਰਾਖਵਾਂਕਰਨ ਸਬੰਧੀ ਮਾਮਲਿਆਂ ਬਾਰੇ ਅਦਾਲਤਾਂ ਵਿੱਚ ਸਹੀ ਢੰਗ ਨਾਲ ਪੈਰਵੀ ਨਹੀਂ ਕੀਤੀ। ਆਮ ਤੌਰ ਤੇ ਯੂਨੀਵਰਸਿਟੀ ਦੇ ਇੱਕ ਵਿਭਾਗ ਜਿਵੇਂ ਕਿ ਪੰਜਾਬੀ ਵਿਭਾਗ, ਅੰਗਰੇਜ਼ੀ ਵਿਭਾਗ ਜਾਂ ਸੰਸਕ੍ਰਿਤ ਵਿਭਾਗ ਆਦਿ ਵਿੱਚ ਇੱਕ ਪ੍ਰੋਫ਼ੈਸਰ, ਦੋ ਐਸੋਸੀਏਟ ਪ੍ਰੋਫ਼ੈਸਰ ਅਤੇ ਤਿੰਨ ਸਹਾਇਕ ਪ੍ਰੋਫ਼ੈਸਰ ਹੀ ਹੁੰਦੇ ਹਨ। ਇਸ ਲਈ ਹਰੇਕ ਵਿਭਾਗ ਵਿੱਚ ਪ੍ਰੋਫ਼ੈਸਰ ਦੀ ਸਿਰਫ਼ ਇੱਕ ਹੀ ਪੋਸਟ ਹੁੰਦੀ ਹੈ, ਜੋ ਕਦੇ ਵੀ ਰਾਖਵੀਂ ਨਹੀਂ ਕੀਤੀ ਜਾਂਦੀ। ਇਸ ਤੋਂ ਸਪਸ਼ਟ ਹੈ ਕਿ ਨਵੇਂ ਲਾਗੂ ਕੀਤੇ 13 ਪੁਆਇੰਟ ਰੋਸਟਰ ਅਨੁਸਾਰ ਇਸ ਪੋਸਟ ਤੇ ਕਦੇ ਵੀ ਅਨੁਸੂਚਿਤ ਜਾਤੀ, ਅਨੁਸੂਚਿਤ ਜਨ ਜਾਤੀ ਜਾਂ ਪਛੜੇ ਵਰਗਾਂ ਦਾ ਕੋਈ ਵਿਅਕਤੀ ਇਸ ਪੋਸਟ ਤੇ ਤਾਇਨਾਤ ਨਹੀਂ ਹੋ ਸਕਦਾ ਹੈ। ਇਸ ਦਾ ਦੂਰ ਅੰਦੇਸ਼ੀ ਸਿੱਟਾ ਇਹ ਨਿਕਲੇਗਾ ਕਿ ਭਵਿੱਖ ਵਿੱਚ ਕਦੇ ਵੀ ਕਥਿਤ ਨੀਵੀਂ ਜਾਤੀ ਨਾਲ ਸਬੰਧਿਤ ਕੋਈ ਵਿਅਕਤੀ ਯੂਨੀਵਰਸਿਟੀ ਦੇ ਡੀਨ ਜਾਂ ਵਾਇਸ ਚਾਂਸਲਰ ਦੇ ਅਹੁਦੇ ਤੱਕ ਨਹੀਂ ਪੁੱਜ ਸਕਦਾ ਕਿਉਂਕਿ ਡੀਨ ਜਾਂ ਵਾਇਸ ਚਾਂਸਲਰ ਬਣਨ ਲਈ ਇੱਕ ਪ੍ਰੋਫ਼ੈਸਰ ਵਜੋਂ ਦਸ ਸਾਲ ਦਾ ਤਜਰਬਾ ਲੋੜੀਦਾ ਹੁੰਦਾ ਹੈ।

ਨਵੀਂ ਨੀਤੀ ਤਹਿਤ ਪਹਿਲੀਆਂ ਤਿੰਨ ਅਸਾਮੀਆਂ ਜਨਰਲ ਵਰਗ,ਚੌਥੀ ਅਸਾਮੀ ਪਛੜੇ ਵਰਗ, ਪੰਜਵੀਂ, ਛੇਵੀਂ ਅਸਾਮੀ ਫਿਰ ਜਨਰਲ ਵਰਗ ਅਤੇ ਸੱਤਵੀਂ ਅਸਾਮੀ ਅਨਸੂਚਿਤ ਵਰਗ ਲਈ ਰਾਖਵੀਂ ਹੋਵੇਗੀ ਜਦਕਿ ਅੱਠਵੀਂ ਪਛੜੇ ਵਰਗ, ਨੌਵੀਂ, ਦਸਵੀਂ ਅਤੇ ਗਿਆਰ੍ਹਵੀਂ ਅਸਾਮੀ ਮੁੜ ਜਨਰਲ ਵਰਗ

**(ਬਾਕੀ ਸਫਾ 17 ‘ਤੇ)**

# ਮੰਗਣਾ, ਜਾਗਣਾ ਤੇ ਸਿਆਸੀ ਅਮਲ

ਸਾਰੇ ਭਾਰਤ ਦਾ ਮੰਗਣ 'ਤੇ ਜ਼ੋਰ ਹੈ, ਦੇਣ 'ਤੇ ਨਹੀਂ। ਕਈ ਵਾਰ ਤਾਂ ਲੱਗਦਾ ਹੈ, ਜਿਵੇਂ ਸਾਰਾ ਦੇਸ਼ ਹੀ ਮੰਗਤਿਆਂ ਦਾ ਹੋਵੇ। ਕੇਂਦਰ 'ਚ ਭਾਰਤ ਦੀ ਸਰਕਾਰ ਬਣਦੀ ਹੈ, ਜਿਸ ਲਈ 542 ਤੋਂ ਕਿਤੇ ਵੱਧ ਨੇਤਾ ਲੋਕਾਂ ਤੋਂ ਵੋਟਾਂ ਮੰਗਦੇ ਹਨ, ਤਾਂ ਜੁ ਉਹ ਪਾਰਲੀਮੈਂਟ ਤੱਕ ਪਹੁੰਚ ਸਕਣ। ਉਹ ਵੋਟਾਂ ਮੰਗਣ ਵਾਸਤੇ ਕੀ-ਕੀ ਪਾਪੜ ਵੇਲਦੇ ਹਨ, ਕੀ-ਕੀ ਢੰਗ ਵਰਤਦੇ, ਵਾਅਦੇ ਕਰਦੇ ਅਤੇ ਲਾਰੇ ਲਾਉਂਦੇ ਹਨ, ਉਨ੍ਹਾਂ ਦਾ ਹਿਸਾਬ ਹੀ ਨਹੀਂ।

ਦੇਸ਼ ਦੇ ਸਾਰੇ ਰਾਜਾਂ ਵਿੱਚ ਵਿਧਾਨ ਸਭਾਵਾਂ ਲਈ ਚੋਣਾਂ ਹੁੰਦੀਆਂ ਹਨ, ਜਿਸ ਲਈ ਵੀ ਹਰ ਕੋਈ ਕਈ ਤਰ੍ਹਾਂ ਦੇ ਹਰਬੇ ਵਰਤ ਕੇ ਨਾਗਰਿਕ ਤੋਂ ਵੋਟਾਂ ਮੰਗਣ ਵਾਸਤੇ ਅੱਡੀਆਂ ਭਾਰ ਹੋਣਾ ਨਹੀਂ ਭੁੱਲਦਾ। ਫਿਰ ਰਾਜਾਂ ਦੇ ਮੰਤਰੀ ਅਤੇ ਮੁੱਖ ਮੰਤਰੀ ਤੱਕ ਬਹੁਤ ਲੋੜਾਂ ਲਈ ਕੇਂਦਰ ਸਰਕਾਰ ਅੱਗੇ ਝੋਲੀਆਂ ਅੱਡ ਕੇ ਮੰਗਣ ਤੋਂ ਨਹੀਂ ਸ਼ਰਮਾਉਂਦੇ। ਕਈ ਖੇਤਰਾਂ ਵਿੱਚ ਰਾਜ ਨਾ ਸਮਰੱਥ ਹੁੰਦੇ ਹਨ ਅਤੇ ਨਾ ਆਤਮ-ਨਿਰਭਰ, ਜਿਨ੍ਹਾਂ ਖ਼ਾਤਰ ਮੰਗੇ ਬਿਨਾਂ ਨਹੀਂ ਸਰਦਾ। ਰਾਜਾਂ ਦੀ ਇਹ ਮੰਗਣ ਕਿਰਿਆ ਉਦੋਂ ਤੱਕ ਖ਼ਤਮ ਨਹੀਂ ਹੁੰਦੀ, ਜਦੋਂ ਤੱਕ ਮੰਗੀ ਗਈ ਖ਼ੈਰ ਠੂਠੇ ਵਿੱਚ ਨਾ ਪੈ ਜਾਵੇ।

ਕਈ ਵਾਰ ਭਾਰਤ ਸਰਕਾਰ ਨੂੰ ਵੀ ਲੋੜਾਂ ਖ਼ਾਤਰ ਦੂਜੇ ਵਿਕਸਤ ਦੇਸਾਂ ਤੋਂ ਮੰਗਣਾ ਪੈਂਦਾ ਹੈ, ਤਾਂ ਕਿ ਊਣੇ ਖੇਤਰਾਂ ਨੂੰ ਪੂਰਿਆਂ ਕੀਤਾ ਜਾ ਸਕੇ। ਅਜਿਹਾ ਕਰਦਿਆਂ ਸਰਕਾਰ ਨੂੰ ਵਿਰੋਧੀ ਧਿਰਾਂ ਦੇ ਦੋਸ਼ ਵੀ ਸਹਿਣੇ ਪੈਂਦੇ ਹਨ ਤੇ ਤਿੱਖੀ ਆਲੋਚਨਾ ਵੀ, ਪਰ ਕੇਂਦਰ ਸਰਕਾਰ ਆਪਣੇ ਕੰਮ ਸਾਰਨ ਅਤੇ ਅੱਗੇ ਵਧਣ ਲਈ ਦੋਸ਼ਾਂ ਦੀ ਪਰਵਾਹ ਨਹੀਂ ਕਰਦੀ।

ਕਿਸੇ ਸਰਕਾਰ ਦੇ ਵੀ ਹੋਣ, ਅਧਿਕਾਰੀ ਤੇ ਕਰਮਚਾਰੀ ਆਪਣੀਆਂ ਮੰਗਾਂ ਮੰਨਵਾਉਣ ਲਈ ਮੰਗਣ ਤੋਂ ਕਦੇ ਨਹੀਂ ਹਟਦੇ। ਸਮਾਜ ਦੇ ਹੋਰ ਤਬਕੇ ਵੀ ਮੰਗਣ ਤੋਂ ਪਿੱਛੇ ਨਹੀਂ ਰਹਿੰਦੇ। ਹਾਂ, ਮੰਗਣ ਦਾ ਕੰਮ ਘਟ ਸਕਦਾ ਹੈ, ਜੇ ਵੱਖ-ਵੱਖ ਖੇਤਰਾਂ ਵਿੱਚ ਜਾਗਿਆ ਅਤੇ ਸੁਚੇਤ ਹੋਇਆ ਜਾਵੇ। ਸਨਅਤ, ਤਕਨੀਕ, ਸਿੱਖਿਆ, ਖੇਤੀ, ਵਪਾਰ ਵਿੱਚ ਵਿਕਾਸ ਕਰਨ ਦੇ ਨਾਲ-ਨਾਲ ਦੇਸ਼ ਦੇ ਹਾਕਮ ਬੁਨਿਆਦੀ ਢਾਂਚੇ ਨੂੰ ਵੀ ਉੱਤਮ ਬਣਾਉਣ ਅਤੇ ਲੋੜੀਂਦੀਆਂ ਸਹੂਲਤਾਂ ਪੈਦਾ ਕਰਨ ਵੱਲ ਵੀ ਤਰਜੀਹੀ ਸੁਹਿਰਦਤਾ ਦੇ ਆਧਾਰ 'ਤੇ ਕਾਰਜ ਕਰਨ।

ਦੇਸ ਦੇ ਲੋਕ ਵੀ ਮੰਗਣ ਵਿੱਚ ਹੀ ਰੁੱਝੇ ਰਹਿੰਦੇ ਹਨ, ਜਿਸ 'ਚੋਂ ਕੁਝ ਮਿਲਦਾ ਹੈ ਕੁਝ ਨਹੀਂ, ਪਰ ਲੋਕ ਫਿਰ ਵੀ ਮੰਗਣ ਤੋਂ ਨਹੀਂ ਝਿਜਕਦੇ। ਸਰਕਾਰ ਤੋਂ ਉਹ ਕੁਝ ਵੀ ਮੰਗਦੇ ਰਹਿੰਦੇ ਹਨ, ਜੋ ਮਿਲਣਾ ਹੀ ਨਹੀਂ ਹੁੰਦਾ। ਸਰਕਾਰ ਸੰਵਿਧਾਨ ਦੀਆਂ ਹੱਦਾਂ ਦੇ ਅੰਦਰ ਰਹਿ ਕੇ ਹੀ ਕੰਮ ਕਰ ਸਕਦੀ ਹੈ, ਬਾਹਰ ਨਹੀਂ ਜਾ ਸਕਦੀ। ਸੰਵਿਧਾਨ ਦੇ ਉਲਟ ਕੰਮ ਉੱਚਤਮ ਅਦਾਲਤ ਰੋਕ ਦੇਵੇਗੀ।

ਮੁਲਕ ਦੀਆਂ ਸਰਕਾਰਾਂ ਅਤੇ ਹਾਕਮਾਂ ਨੂੰ ਹੋਰ ਗੱਲਾਂ ਦੇ ਨਾਲ-ਨਾਲ ਉਹ ਸਿਆਸੀ ਅਮਲ ਕਰਨੇ ਚਾਹੀਦੇ ਹਨ, ਜਿਹੜੇ ਸੁਹਿਰਦ, ਸਾਰਥਿਕ ਅਤੇ ਲੋਕ-ਹਿੱਤ ਵਾਲੇ ਹੋਣ। ਜਿਹੜੇ ਹਾਕਮ ਲੋਕ-ਹਿੱਤ ਦੇ ਕੰਮਾਂ ਨੂੰ ਤਰਜੀਹ ਦੇਣਗੇ, ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਲੋਕ ਪਸੰਦ ਕਰਨਗੇ। ਲੋਕਾਂ ਦੀਆਂ ਆਸਾਂ ਦੇ ਉਲਟ ਚੱਲਣ ਵਾਲੇ ਹਾਕਮ ਆ ਜਾਣ ਤਾਂ ਜੀਵਨ ਨਰਕ ਬਣ ਜਾਂਦਾ ਹੈ ਤੇ ਸਮਾਜ ਵਿਕਾਸ ਨਹੀਂ ਕਰਦਾ।

ਹਾਕਮਾਂ ਦੇ ਨਾਲ-ਨਾਲ ਜ਼ਰੂਰੀ ਹੈ ਕਿ ਲੋਕਾਂ ਨੂੰ ਸਿਆਸੀ ਸੂਝ-ਬੂਝ ਹੋਵੇ, ਤਾਂ ਕਿ ਉਹ ਆਪਣੇ ਨੁਮਾਇੰਦੇ ਚੁਣਨ ਵੇਲੇ ਠੀਕ ਅਤੇ ਗ਼ਲਤ ਦੀ ਸਹੀ ਪਰਖ ਕਰ ਸਕਣ। ਜੇ ਉਹ ਸਿਆਸੀ ਤੌਰ 'ਤੇ ਜਾਗ੍ਰਿਤ ਹੋਣਗੇ ਤਾਂ ਉਹ ਸਹੀ ਸਿਆਸੀ ਅਮਲ ਕਰਨ ਦੇ ਸਮਰੱਥ ਹੋਣਗੇ। ਅਜਿਹਾ ਹੋਣ ਨਾਲ ਸਾਰਥਿਕ ਤੇ ਲਾਹੇਵੰਦ ਸਿੱਟੇ ਨਿਕਲਣਗੇ। ਜੇ ਲੋਕਾਂ ਕੋਲ ਸਿਆਸੀ ਸਮਝ ਹੀ ਨਾ ਹੋਵੇ ਤਾਂ ਉਹ ਵੋਟ ਦਾ ਮੁੱਲ ਤਾਂ ਵੱਟ ਸਕਦੇ ਹਨ, ਪਰ ਵਧੀਆ ਹਾਕਮਾਂ ਤੇ ਉੱਤਮ ਰਾਜ-ਭਾਗ ਤੋਂ ਵਿਰਵੇ ਰਹਿ ਜਾਣਗੇ। ਜੇ ਹਾਕਮ ਸਿਆਸੀ ਅਮਲ ਵਿੱਚ ਨਿਰਪੱਖਤਾ ਅਪਣਾਉਣ ਤਾਂ ਤਰੱਕੀ 'ਚ ਅੜਿੱਕੇ ਪੈਦਾ ਨਹੀਂ ਹੋਣਗੇ।

ਚੰਗਾ ਇਹੀ ਹੈ ਕਿ ਹਾਕਮ ਤੇ ਲੋਕ ਇੱਕੀਵੀਂ ਸਦੀ ਦੇ ਹਾਣ ਦੇ ਹੋਣ, ਤਾਂ ਜੁ ਸਮਾਜ ਦੀਆਂ ਹਨੇਰੀਆਂ ਨੁੱਕਰਾਂ ਵਿੱਚ ਵੀ ਚਾਨਣਾ ਨਜ਼ਰ ਆਵੇ ਅਤੇ ਹਰੇਕ ਦੇਸ਼ ਪ੍ਰਤੀ ਵਫਾਦਾਰ ਹੋਵੇ। ਅਜਿਹਾ ਹੋ ਜਾਣ ਨਾਲ ਦੇਸ਼ ਦੇ ਲੋਕ ਵੀ ਤਰੱਕੀ ਕਰਨਗੇ, ਸਹੂਲਤਾਂ ਵੀ ਵਧਣਗੀਆਂ ਅਤੇ ਸਮੁੱਚਾ ਸਮਾਜ ਵੀ ਹਾਸਲਾਂ ਦੀਆਂ ਸਿਖ਼ਰਾਂ ਛੋਹ ਲਵੇਗਾ। ਚੰਗਾ ਹੋਵੇ, ਜੇ ਲੋਕ ਮੰਗਣ ਦੇ ਰਾਹ ਤੋਂ ਹਟ ਕੇ ਜਾਗਣ ਤੇ ਸੁਚੇਤ ਹੋਣ ਅਤੇ ਦੇਸ਼ ਦੇ ਸਿਆਸੀ ਅਮਲ ਵਿੱਚ ਕ੍ਰਾਂਤੀ ਪੈਦਾ ਕਰਨ ਅਤੇ ਲੋਕਤੰਤਰ ਵਿੱਚ ਜਾਨ ਪਾ ਦੇਣ।



ਅਮੋਲ — ਭੁੱਲਰ — ਸੋਬਤੀ

### ਅਮੋਲ ਇਨਾਮ ਕਾਇਮ

ਡਾ. ਆਤਮਜੀਤ ਨੇ ਆਪ ਅਤੇ ਆਪਣੇ ਪਰਵਾਰ ਵੱਲੋਂ ਆਪਣੇ ਪਿਤਾ ਪ੍ਰਿੰਸੀਪਲ ਸ. ਸ. ਅਮੋਲ ਅਤੇ ਮਾਤਾ ਪ੍ਰਤਾਪ ਕੌਰ ਦੀ ਯਾਦ ਵਿੱਚ ਅਮੋਲ ਇਨਾਮ ਕਾਇਮ ਕੀਤਾ ਹੈ, ਜੋ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਦਿੱਤਾ ਜਾਇਆ ਕਰੇਗਾ। ਦਾਨਵੀਰ ਬਣੇ ਰੰਗ-ਕਰਮੀ ਆਤਮਜੀਤ ਨੇ ਅਕਾਦਮੀ ਦੇ ਪ੍ਰਧਾਨ ਰਵਿੰਦਰ ਭੱਠਲ ਤੇ ਹੋਰਨਾਂ ਨੂੰ ਇਨਾਮ ਦੇਣ ਵਾਸਤੇ 5 ਲੱਖ ਰੁਪਏ ਦਾ ਚੈੱਕ ਭੇਟ ਕਰਦਿਆਂ ਕਿਹਾ ਕਿ ਉਹ ਇਸ ਇਨਾਮ ਲਈ ਰਕਮ ਦੇਣ 'ਤੇ ਰਿਣ-ਮੁਕਤ ਹੋਇਆ ਸਮਝ ਰਿਹਾ। ਇਹ ਇਨਾਮ ਦੋ ਸਾਲ ਬਾਅਦ ਕਿਸੇ ਉੱਚ-ਕੋਟੀ ਦੇ ਪੰਜਾਬੀ ਲੇਖਕ ਨੂੰ ਦਿੱਤਾ ਜਾਇਆ ਕਰੇਗਾ, ਜਿਸ ਵਿੱਚ 51 ਹਜ਼ਾਰ ਰੁਪਏ ਦੀ ਰਕਮ ਹੋਵੇਗੀ। 2019 ਤੋਂ ਸ਼ੁਰੂ ਕੀਤੇ ਜਾ ਰਹੇ ਇਸ ਇਨਾਮ ਦੀ ਸ਼ਲਾਘਾ ਕਰਨ ਵਾਲਿਆਂ 'ਚ ਡਾ. ਐੱਸ ਪੀ ਸਿੰਘ ਵੀ ਸ਼ਾਮਲ ਹਨ ਤੇ ਗੁਰਭਜਨ ਗਿੱਲ ਵੀ।

### ਭਾਸ਼ਾ ਸੰਗਮ ਪੁਰਸਕਾਰ

ਪੰਜਾਬੀ ਦੇ ਨਾਵਲਕਾਰ ਜਸਬੀਰ ਭੁੱਲਰ ਨੂੰ ਭਾਰਤੀ ਭਾਸ਼ਾਵਾਂ ਪੁਰਸਕਾਰ ਮਿਲਣ ਨਾਲ ਪੰਜਾਬੀ ਭਾਸ਼ਾ ਤੇ ਸਾਹਿਤ ਸਨਮਾਨੇ ਗਏ। ਮੁਹਾਲੀ ਵਸਦਾ ਇਹ ਲੇਖਕ ਆਪਣੀ ਲਿਖਣ ਸ਼ੈਲੀ ਦਾ ਆਪ ਮਾਲਕ ਹੈ, ਜੋ ਮੌਲਿਕਤਾ ਭਰਪੂਰ ਵੀ ਹੈ ਅਤੇ ਨਿਵੇਕਲੀ ਵੀ। ਇਹ ਪੁਰਸਕਾਰ ਕਲਕੱਤਾ ਵਿਖੇ ਹਰ ਸਾਲ ਭਾਰਤੀ ਭਾਸ਼ਾ ਸੰਗਮ ਵੱਲੋਂ ਚਾਰ ਭਾਰਤੀ ਭਾਸ਼ਾਵਾਂ ਦੇ ਲੇਖਕਾਂ ਨੂੰ ਇੱਕ-ਇੱਕ ਲੱਖ ਰੁਪਏ ਦੇ ਕੇ ਰਚਨਾਵਾਂ ਨੂੰ ਸਨਮਾਨਦਾ ਹੈ, ਤਾਂ ਕਿ ਸਾਹਿਤਕਾਰਾਂ ਨੂੰ ਸ਼ਾਬਾਸ਼ ਵੀ ਮਿਲਦੀ ਰਹੇ ਅਤੇ ਲਿਖਣ ਲਈ ਹੁਲਾਰਾ ਵੀ। ਪੰਜਾਬੀ ਭਾਸ਼ਾ ਵਾਸਤੇ ਇਹ ਇਨਾਮ ਲਿਆਉਣ ਵਾਲੇ ਜਸਬੀਰ ਭੁੱਲਰ ਦੀਆਂ ਰਚਨਾਵਾਂ ਨੂੰ ਸ਼ਾਬਾਸ਼ ਅਤੇ ਉਸ ਨੂੰ ਮੁਬਾਰਕਾਂ। ਭਵਿੱਖ ਵਿੱਚ ਵੀ ਉਸ ਤੋਂ ਚੰਗੀਆਂ ਰਚਨਾਵਾਂ ਦੀ ਸਦਾ ਆਸ ਰਹੇਗੀ।

ਅੰਗ-ਸੰਗ



ਸ਼ਾਮ ਸਿੰਘ
98141-13338

### ਕ੍ਰਿਸ਼ਨਾ ਸੋਬਤੀ-ਅਲਵਿਦਾ

ਪੰਜਾਬੀ ਮੁਹਾਵਰੇ ਵਾਲੀ ਹਿੰਦੀ ਲੇਖਿਕਾ ਕ੍ਰਿਸ਼ਨਾ ਸੋਬਤੀ ਦੀ ਮੌਤ ਹੋ ਗਈ। 'ਮਿੱਤਰੋ ਮਰ ਜਾਣੀ' ਅਤੇ 'ਜ਼ਿੰਦਗੀਨਾਮਾ' ਨਾਵਲਾਂ ਨਾਲ ਉਹ ਪਾਠਕਾਂ ਦੇ ਮਨਾਂ 'ਤੇ ਡੂੰਘੀ ਮੋਹਰ-ਛਾਪ ਲਗਾ ਗਈ। ਉਸ ਦੀਆਂ ਰਚਨਾਵਾਂ ਵਿੱਚ ਪੰਜਾਬੀਅਤ ਦੀ ਝਲਕ ਵੀ ਹੈ, ਜਿਸ ਕਾਰਨ ਉਹ ਪੰਜਾਬੀਆਂ ਦੀ ਵੀ ਚਹੇਤੀ ਰਹੀ।

'ਜ਼ਿੰਦਗੀਨਾਮਾ' ਨਾਵਲ ਕਾਰਨ ਸੋਬਤੀ ਨੇ ਅੰਮ੍ਰਿਤਾ ਪ੍ਰੀਤਮ ਵੱਲੋਂ ਆਪਣੀ ਕਿਤਾਬ 'ਹਰਦੱਤ ਦਾ ਜ਼ਿੰਦਗੀਨਾਮਾ' ਰੱਖਣ ਕਾਰਨ ਉਸ 'ਤੇ ਮੁਕੱਦਮਾ ਕਰ ਦਿੱਤਾ। ਉਂਜ ਦੋਹਾਂ ਦਾ ਹੀ ਇਹ ਨਾਂਅ ਮੌਲਿਕ ਨਹੀਂ ਸੀ, ਕਿਉਂਕਿ ਭਾਈ ਨੰਦ ਲਾਲ ਗੋਇਆਂ ਦੀ ਪੁਸਤਕ 'ਬੰਦਗੀਨਾਮਾ' ਦਾ ਨਾਂਅ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਿੰਦਗੀਨਾਮਾ' ਰੱਖਿਆ ਸੀ, ਜੋ ਅੱਜ ਤੱਕ ਵੀ ਹਾਸਲ ਕੀਤੀ ਜਾ ਸਕਦੀ ਹੈ, ਸਮੇਂ ਦੀ ਧੂੜ ਹੇਠ ਨਹੀਂ ਦੱਬੀ ਗਈ। 93 ਵਰ੍ਹਿਆਂ ਦੀ ਉਮਰ ਵਿੱਚ ਦੁਨੀਆ ਨੂੰ ਅਲਵਿਦਾ ਆਖਣ ਵਾਲੀ ਇਸ ਲੇਖਿਕਾ ਦਾ ਨਾਂਅ ਹਮੇਸ਼ਾ ਜਿਉਂਦਾ ਰਹੇਗਾ।

### ਲਤੀਫ਼ੇ ਦਾ ਚਿਹਰਾ-ਮੋਹਰਾ

ਚੀਤੇ ਅਤੇ ਗਧੇ ਦੇ ਮਨ 'ਚ ਆਈ ਕਿ ਕਿਉਂ ਨਾ ਸ਼ੇਰ ਦੀ ਥਾਂ ਜੰਗਲ ਦਾ ਰਾਜਾ ਬਣਿਆ ਜਾਵੇ। ਬਹਿਸ ਕਰਦੇ-ਕਰਦੇ ਉਹ ਸ਼ੋਰ ਮਚਾਉਂਦੇ ਝਗੜ ਪਏ। ਝਗੜਾ ਸ਼ੇਰ ਕੋਲ ਚਲਾ ਗਿਆ।

ਸ਼ੇਰ ਨੇ ਚੀਤੇ ਨੂੰ ਸਜ਼ਾ ਸੁਣਾ ਦਿੱਤੀ। ਚੀਤੇ ਨੇ ਸ਼ੇਰ ਨੂੰ ਹਲੀਮੀ ਨਾਲ ਸਜ਼ਾ ਦਾ ਕਾਰਨ ਪੁੱਛਿਆ ਤਾਂ ਸ਼ੇਰ ਤਿੱਖੇ ਸੁਰ ਵਿੱਚ ਝੱਟ ਬੋਲਿਆ : 'ਚੀਤਾ ਹੋ ਕੇ ਗਧੇ ਨਾਲ ਝਗੜਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ?'

# ਸੁਣਕ ਕਹਿਣ ਦੀਆਂ ਗੱਲਾਂ

**1 – ਤਾਜਪੋਸ਼ੀ :** ਪਿਛਲੇ ਦਿਨੀਂ ਆਮ ਆਦਮੀ ਪਾਰਟੀ ਨੇ ਭਗਵੰਤ ਮਾਨ ਵਲੋਂ ਕਈ ਚਿਰ ਤੋਂ ਆਪਣੀ ਹੀ ਪਾਰਟੀ ਦੀ ਪ੍ਰਧਾਨਗੀ ਤੋਂ ਦਿੱਤੇ ਅਸਤੀਫੇ ਨੂੰ ਨਾ-ਮਨਜ਼ੂਰ ਕਰਕੇ ਉਸਨੂੰ ਪ੍ਰਧਾਨਗੀ ਦਾ ਫ਼ਰਜ਼ ਅੱਗੇ ਵੀ ਨਿਭਾਉਂਦਾ ਰਹਿਣ ਵਾਸਤੇ ਕਿਹਾ। ਭਗਵੰਤ ਨੇ ਇਸ ਨੂੰ ਮੰਨਜ਼ੂਰ ਕਰ ਲਿਆ। ਬਹੁਤ ਸਾਰੇ "ਪੱਤਰਕਾਰਾਂ " (ਬਿਜਲਈ ਤੇ ਪ੍ਰਿੰਟ) ਨੇ ਇਸ ਨੂੰ ਭਗਵੰਤ ਮਾਨ ਦੀ "ਤਾਜਪੋਸ਼ੀ" ਲਿਖਿਆ। ਤਾਜਪੋਸ਼ੀ ਲਿਖਣ / ਬੋਲਣ ਵਾਲੇ "ਗੁਣਾਂ ਦੀਆਂ ਗੁਥਲੀਆਂ" ਕੀ ਇਹ ਸੱਚੀਂ ਪੱਤਰਕਾਰ ਹੋ ਸਕਦੇ ਹਨ? ਮੈਨੂੰ ਸ਼ੱਕ ਹੈ। ਤਾਜਪੋਸ਼ੀ ਬਾਦਸ਼ਾਹਤ ਦੇ ਜ਼ਮਾਨੇ ਦੀ ਰੀਤ ਸੀ। ਕਿਸੇ ਨੂੰ ਮਹਾਰਾਜਾ ਬਨਾਉਣ ਵੇਲੇ ਰਾਜ ਦਾ ਸਭ ਤੋਂ ਵੱਡਾ ਪ੍ਰੋਹਿਤ / ਅਧਿਆਤਮਕ ਆਗੂ (ਜਾਂ ਵਿਹਲੜ) ਕਿਸੇ ਦੇ ਸਿਰ 'ਤੇ ਤਾਜ਼ ਰੱਖਦਾ ਤੇ ਤਿਲਕ ਲਾਉਂਦਾ – ਉਸ ਰੀਤ ਨੂੰ ਤਾਜਪੋਸ਼ੀ ਕਿਹਾ ਜਾਂਦਾ ਸੀ। ਦੱਸਿਉ ਜ਼ਰਾ ਕਿ ਭਗਵੰਤ ਮਾਨ ਕਿਹੜੀ ਰਿਆਸਤ ਜਾਂ ਰਾਜ ਦਾ "ਮਹਾਰਾਜਾ ਜਾਂ ਬਾਦਸ਼ਾਹ" ਬਣਿਆ ਹੈਜਾਂ ਬਣਾਇਆ ਗਿਆ ਹੈ? ਇਹ ਤਾਂ ਕੇਜਰੀਵਾਲ / ਮਨੀਸ਼ ਸਿਸੋਦੀਆ ਵਲੋਂ ਆਪਣੀ ਹੀ ਸਿਆਸੀ ਪਾਰਟੀ ਦਾ (ਜਿੰਨੀ ਕੁ ਵੀ ਬਚੀ ਹੈ) ਦਾ ਪ੍ਰਧਾਨ / ਮੁੱਖ ਸੇਵਕ (ਪਾਰਟੀ ਮੈਂਬਰਾਂ ਨੇ ਲੋਕਤੰਤਰੀ ਢੰਗ ਨਾਲ ਨਹੀਂ ਚੁਣਿਆਂ) ਥਾਪਿਆ ਗਿਆ ਹੈ। ਲੋਕਤੰਤਰ ਵਿਚ ਕਿਸੇ ਵੀ ਸਿਆਸੀ ਆਗੂ ਦੀ ਤਾਜਪੋਸ਼ੀ ਹੋ ਹੀ ਨਹੀਂ ਸਕਦੀ। ( ਇਹ ਧੱਕੇ ਤੇ ਧੌਂਸ ਵਾਲੇ ਕਦਮ ਹਨ)। ਕਿਸੇ ਵੱਡੇ ਆਗੂ ਜਾਂ ਆਗੂਆਂ ਵਲੋਂ ਥਾਪਿਆ ਬੰਦਾ ਤਾਂ ਥਾਪਣ ਵਾਲਿਆਂ ਦਾ ਦੇਣਦਾਰ ਹੀ ਹੁੰਦਾ ਹੈ – ਹੋਰ ਕੁੱਝ ਵੀ ਨਹੀਂ। ਸਿਆਸਤ ਅੰਦਰ ਵੀ ਭਾਸ਼ਾਈ ਸਰੋਕਾਰਾਂ ਦਾ ਵੱਡਾ ਮਹੱਤਵ ਹੁੰਦਾ ਹੈ – ਇਸ ਵੱਲ ਧਿਆਨ ਦੇਣ ਦੀ ਲੋੜ ਹੈ।

**2 – ਘੈਂਟ ਪੱਤਰਕਾਰ :** ਪੰਜਾਬੀ ਦੇ ਪੱਤਰਕਾਰੀ ਜਗਤ ਵਿਚ ਇਹ ਲਫਜ਼ ਵੀ ਬਹੁਤ ਚੱਲਦਾ ਹੈ – "ਘੈਂਟ ਪੱਤਰਕਾਰ"। ਇਹ ਕੀ ਹੁੰਦਾ ਹੈ? ਪੱਤਰਕਾਰ ਜਾਂ ਤਾਂ ਲੋਕ ਪੱਖੀ ਹੁੰਦਾ ਹੈ ਜਾਂ ਹਕੂਮਤ ਪੱਖੀ। ਪੱਤਰਕਾਰੀ ਵੀ ਜਾਂ ਤਾਂ ਲੋਕਾਂ ਨੂੰ ਸੱਚ ਦੱਸਣ ਵਾਲੀ ਹੁੰਦੀ ਹੈ ਜਾਂ ਸੱਚ ਛੁਪਾਉਣ ਵਾਲ਼ੀ (ਸੱਚ ਛੁਪਾਉਣ ਵਾਲੇ ਆਪਣੇ ਆਪ ਨੂੰ "ਨਿਰਪੱਖ ਪੱਤਰਕਾਰ" ਹੋਣ ਵਾਲੇ ਝੁੱਲ ਹੇਠ ਵੀ ਲਕੋ ਲੈਂਦੇ ਹਨ ) । ਸੋਚਿਆ ਜਾਵੇ ਤਾਂ ਝੁੱਲ ਸ਼ਬਦ ਪਸ਼ੂਆਂ ਵਾਸਤੇ ਵਰਤਿਆ ਜਾਂਦਾ ਹੈ – ਪਰ ਜਿਹੜੇ "ਪੱਤਰਕਾਰ" ਆਪਣੇ ਆਪ ਉੱਪਰ ਕਿਸੇ ਤਰ੍ਹਾਂ ਦਾ ਵੀ ਝੁੱਲ਼ ਪਾ ਲੈਣ – ਭਲਾਂ ਉਨ੍ਹਾਂ ਦਾ ਕੋੜਮਾਂ-ਕਬੀਲਾ ਕੀ ਹੋਇਆ ਫੇਰ?

ਸੋਸ਼ਲ ਮੀਡੀਆ ਨੇ ਵੱਡੀ ਸਮੱਸਿਆ ਇਹ ਖੜ੍ਹੀ ਕਰ ਦਿੱਤੀ ਹੈ ਕਿ ਇਸ ਦੀ ਵਰਤੋਂ ਕਰਨ ਵਾਲਿਆਂ ਦੀ ਵੱਡੀ ਗਿਣਤੀ ਨੇ ਆਪ ਸੋਚਣਾਂ/ਸਮਝਣਾ ਬੰਦ ਕਰ ਦਿੱਤਾ ਹੈ। ਕਿਸੇ ਦੀ ਪਾਈ ਲਿਖਤ ਨੂੰ ਵਡਿਆਉਣ ਜਾਂ ਨਿੰਦਣ ਦੇ ਕਾਰਜ ਵਿਚ ਹੀ ਵਿਅਸਥ ਹੋ ਗਏ ਹਨ। ਆਪਣੀ ਸੋਚ / ਸੂਝ ਨੂੰ ਵਰਤ ਕੇ ਇਸ ਮੰਚ ਨੂੰ ਦੁਨੀਆਂ ਅੰਦਰ ਫੈਲਾਈਆਂ ਜਾ ਰਹੀਆਂ ਨਫਰਤਾਂ ਦੇ ਖਿਲਾਫ ਮੁਹੱਬਤਾਂ ਵਾਲਾ / ਇਕ ਦੂਜੇ ਦੀ ਸੁੱਖ ਮੰਗਣ ਵਾਲਾ ਭਾਈਚਾਰਾ ਕਾਇਮ ਕਰਨ ਵੱਲ ਵਧੀਏ। (ਭਾਵੇਂ ਪੰਜਾਬੀਆਂ ਦਾ ਹੀ ਕਹਿ ਲਵੋ)। ਸਾਡੇ ਵਿਰਸੇ ਤੋਂ ਸਾਨੂੰ ਇਹ ਹੀ ਸੇਧ ਮਿਲਦੀ ਹੈ। ਪੱਤਰਕਾਰ ਭਾਈਚਾਰੇ ਤੋਂ ਵੀ ਲੋਕ ਆਸ ਕਰਦੇ ਹਨ ਕਿ ਇਹ ਛੋਟੀ ਸੋਚ ਨੂੰ (ਜਿਵੇਂ ਕਿ – ਸਭ ਤੋਂ ਪਹਿਲਾਂ/ ਸਭ ਤੋਂ ਤੇਜ ਮਾਰਕਾ ਭਕਾਈ- (ਜਿਵੇਂ ਸਾਰੇ "ਘੈਂਟ" ਪੱਤਰਕਾਰ ਸਿਰਫ ਪੰਜਾਬੀ ਵਿਚ ਹੀ ਹੋਣ) ਤਿਆਗ ਕੇ ਅਮਨ , ਸੁੱਖ ਸ਼ਾਂਤੀ ਅਤੇ ਗਰੀਬ-ਗੁਰਬੇ ਲਈ ਵੀ ਕੰਮ ਕਰਨ। ਇਸ ਕਾਰਜ ਵਾਸਤੇ ਕਿਸੇ ਨੂੰ ਵੀ "ਘੈਂਟ" ਬਣਨ ਦੀ ਲੋੜ ਲਈ , ਬਸ! ਆਪਣੇ ਕਾਰਜ ਅਤੇ ਆਪਣੇ ਲੋਕਾਂ ਪ੍ਰਤੀ ਇਮਾਨਦਾਰ ਹੋਣ ਦੀ ਲੋੜ ਹੈ। ਉਂਜ ਲੋਕ ਤਾਂ ਸਭ ਕੁੱਝ ਜਾਣਦੇ ਹੀ ਹਨ – ਇਹ "ਘੈਂਟ" ਹੀ ਐਵੇਂ ਭੁਲੇਖੇ ਵਿਚ ਤੁਰੇ ਫਿਰਦੇ ਹਨ।

**3 : ਪੰਜਾਬੀ ਸ਼ਬਦ ਨਾ ਮਾਰੋ–** ਇਹ ਤਾਂ ਹੁੰਦਾ ਹੀ ਆਇਆ ਹੈ ਕਿ ਸਮੇਂ ਦੇ ਨਾਲ ਨਾਲ ਹਰ ਜ਼ੁਬਾਨ ਵਿਚ ਨਵੇਂ ਸ਼ਬਦ ਰਲਦੇ ਹਨ, ਇਸ ਨਾਲ ਹਰ ਭਾਸ਼ਾ ਹੀ ਅਮੀਰ ਹੁੰਦੀ ਹੈ। ਕੁੱਝ ਕੁ ਅਪ੍ਰਸੰਗਿਕ ਹੋ ਗਏ ਸ਼ਬਦ ਵਿਸਰ ਵੀ ਜਾਂਦੇ ਹਨ। ਪਰ ਜਦੋਂ ਕਿਸੇ ਜ਼ੁਬਾਨ ਦੇ ਸ਼ਬਦ ਜਾਣ-ਬੁੱਝ ਕੇ ਮਾਰੇ ਜਾਣ ਤਾਂ ਬਹੁਤ ਦੁੱਖ ਹੁੰਦਾ ਹੈ। ਪੰਜਾਬੀ ਦੀ ਪੱਤਰਕਾਰੀ (ਪ੍ਰਿੰਟ ਅਤੇ ਬਿਜਲਈ ਭਾਵ ਅਖਬਾਰਾਂ ਰੇਡੀਉ ਅਤੇ ਟੈਲੀਵੀਜ਼ਨ) ਅੰਦਰ ਇਹ ਰੁਝਾਨ ਬਿਨਾਂ ਸੋਚੇ ਸਮਝੇ ਪਿਛਲੇ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਇਨ੍ਹਾਂ ਅਦਾਰਿਆਂ ਅੰਦਰ ਜੁੰਮੇਵਾਰ ਅਹੁਦਿਆਂ 'ਤੇ ਬੈਠੇ ਪਤਾ ਨਹੀਂ ਕਿਉਂ ਚੁੱਪ ਕਰਕੇ 'ਤਮਾਸ਼ਾ' ਦੇਖੀ ਜਾ ਰਹੇ ਹਨ? ਉਹ ਗਲਤ ਨੂੰ ਗਲਤ ਕਹਿਣ ਤੋਂ ਸੰਗਦੇ ਕਿਉਂ ਹਨ ? ਉਨ੍ਹਾਂ ਦੇ ਆਪਣੇ ਹੀ ਅਦਾਰਿਆਂ ਅੰਦਰ ਹੋ ਰਹੀ ਕਿਸੇ ਵੀ ਗਲਤੀ ਨੂੰ ਸੁਧਾਰਨਾਂ ਉਨ੍ਹਾਂ ਦਾ ਫਰਜ਼ ਹੈ।

ਪੰਜਾਬੀ ਦੇ ਸਿਰਫ ਇਕ ਸ਼ਬਦ ਦੀ ਗੱਲ ਕਰਨੀ ਹੈ (ਸ਼ਬਦ ਬਹੁਤ ਹਨ-ਉਨ੍ਹਾਂ ਬਾਰੇ ਅਗਲੇ ਸਮੇਂ) ਜੋ ਪਿਛਲੇ ਲੰਬੇ ਸਮੇਂ ਤੋਂ ਵਾਰ ਵਾਰ ਵਰਤਿਆ ਗਿਆ ਹੈ, ਉਹ ਸ਼ਬਦ ਹੈ, ਬਦਮਾਸ਼ ਜਾਂ ਗੁੰਡੇ । ਪਿਛਲੇ ਕਾਫੀ ਸਮੇਂ ਤੋਂ ਇਸ ਸ਼ਬਦ (ਬਦਮਾਸ਼ – ਗੁੰਡੇ ਆਦਿ) ਨੂੰ ਮਾਰਨ ਵਾਸਤੇ ਅੰਗਰੇਜ਼ੀ ਦੇ "ਗੈਂਗਸਟਰ" ਸ਼ਬਦ ਨੂੰ ਪੰਜਾਬੀ ਵਿਚ ਮੱਲੋਜ਼ੋਰੀ ਘੁਸੇੜ ਦਿੱਤਾ ਗਿਆ ਹੈ। ਜੇ ਪੰਜਾਬੀ ਵਿਚ ਇਸ ਵਾਸਤੇ (ਭਾਵ ਬਦਮਾਸ਼, ਗੁੰਡੇ) ਵਰਗੇ ਸ਼ਬਦ ਨਾ ਹੁੰਦੇ ਤਾਂ ਬੇਗਾਨਾ ਸ਼ਬਦ ਵਰਤਿਆ ਵੀ ਜਾ ਸਕਦਾ ਸੀ । ਹੁਣ ਤਾਂ ਹਰ (ਪੰਜਾਬੀ) ਅਖਬਾਰ, ਰੇਡੀਉ, ਟੈਲੀਵੀਜ਼ਨ ਤੇ ਲਿਖਣ ਵਾਲਾ ਪੱਤਰਕਾਰ ਜਾਂ ਬੋਲਣ ਵਾਲਾ ਪੇਸ਼ਕਾਰ ਸਿਰਫ ਗੈਂਗਸਟਰ ਹੀ ਬੋਲਦਾ ਹੈ। ਕਹਿਣ ਨੂੰ ਪੰਜਾਬੀ ਵਿਚ ਬਦਮਾਸ਼ ਕਹੋ, ਬਦਮਾਸ਼ਾਂ ਦੇ ਟੋਲੇ ਕਹੋ, ਗੁੰਡਿਆਂ ਦੇ ਗ੍ਰੋਹ ਕਹੋ – ਕਿਉਂ ਨਹੀਂ ਇੰਜ ਬੋਲੇ/ਕਹੇ ਜਾ ਰਹੇ? ਕਿਉਂ ਨਹੀਂ ਇਹ ਲਿਖਿਆ ਜਾ ਰਿਹਾ? ਕੀ ਇਸਨੂੰ ਵੀ ਹੁਣ "ਆਧੁਨਿਕਤਾ"ਦੇ ਨਾਮ ਹੇਠ ਹੀ ਦੱਬ ਦਿੱਤਾ ਜਾਵੇਗਾ? ਸੂਝਵਾਨੋਂ! ਇਹ ਆਧੁਨਿਕਤਾ ਨਹੀਂ ਪੰਜਾਬੀ ਦੇ ਇਕ ਸ਼ਬਦ ਦੀ ਮੌਤ ਹੈ।

ਕਈ ਸਾਰੇ ਰੇਡੀਉ ਦੇ ਪੇਸ਼ਕਾਰ ਤਾਂ ਗੈਂਗਸਟਰ ਨੂੰ ਵੀ ਦੋ ਸ਼ਬਦ ਬਣਾ ਕੇ ਬੋਲਦੇ ਹਨ ਜਿਵੇਂ "ਗੈਂਗਸਟਰ" ਨੂੰ ਉਹ ਦੋ ਸ਼ਬਦ ਗੈਂਗ ਤੇ ਸਟਰ ਦੇ ਵਿਚਾਲੇ ਵਿੱਥ ਜਹੀ ਪਾ ਕੇ ਜਾਂ ਸਾਹ ਲੈ ਕੇ ਬੋਲਦੇ ਹਨ। ਇਹ ਬਿਲਕੁੱਲ ਗਲਤ ਹੋ ਰਿਹਾ ਹੈ। ਪੰਜਾਬੀ ਦੇ ਜਾਣਕਾਰ, ਪੰਜਾਬੀ ਨੂੰ ਪਿਆਰ ਕਰਨ ਵਾਲੇ, ਪੰਜਾਬੀ ਦੇ "ਬੁੱਧੀਜੀਵੀ" ਜੇ ਕਾਨਫਰੰਸਾਂ ਤੋਂ ਵਿਹਲੇ ਹੋਣ ਤਾਂ ਪੰਜਾਬੀ ਦੇ ਸ਼ਬਦਾਂ ਦੀ ਲਗਾਤਾਰ ਕੀਤੀ ਜਾ ਰਹੀ ਦੁਰਦਸ਼ਾ ਬਾਰੇ ਸੋਚਣ। ਸ਼ਾਇਦ ਇਸ ਤਰ੍ਹਾਂ ਜਤਨ ਕਰਨ ਨਾਲ ਹੋਰ ਬਹੁਤ ਸਾਰੀਆਂ ਪੈਦਾ ਕੀਤੀਆਂ ਜਾ ਰਹੀਆਂ ਗਲਤ ਧਾਰਨਾਵਾਂ ਤੋਂ ਵੀ ਬਚਾ ਹੋ ਜਾਵੇ। ਜਾਣੇ ਜਾਂ ਅਣਜਾਣੇ 'ਚ ਮਾਰੇ ਜਾ ਰਹੇ ਸ਼ਬਦਾਂ ਨੂੰ ਬਚਾਉਣਾ ਪੰਜਾਬੀ ਪਿਆਰਿਆਂ ਦੀ ਜੁੰਮੇਵਾਰੀ ਹੈ।

ਤੁਹਾਨੂੰ ਸਭ ਪੰਜਾਬੀ ਬੋਲਣ/ਲਿਖਣ ਵਾਲਿਆਂ ਨੂੰ ਸੱਦਾ ਹੈ ਕਿ ਵਿਗਾੜੇ ਜਾਂ ਮਾਰੇ ਜਾ ਰਹੇ ਪੰਜਾਬੀ ਸ਼ਬਦ ਲੱਭੀਏ, ਜ਼ਿਕਰ ਕਰੀਏ/ ਵਿਚਾਰ ਕਰੀਏ ਤੇ ਉਨ੍ਹਾਂ ਨੂੰ ਮਰਨੋਂ ਬਚਾਉਣ ਦਾ ਉਪਰਾਲਾ ਕਰੀਏ। ਸਿਆਣਿਆਂ ਦਾ ਕਿਹਾ ਸੱਚ ਹੈ ਕਿ – 'ਮੰਗਵੀਂ ਧਾੜ ਫੇਰ ਵੀ ਮੰਗਵੀਂ ਹੀ ਹੁੰਦੀ ਹੈ ਤੇ ਮੰਗਵੀਂ ਧਾੜ ਨਾਲ ਜੰਗਾਂ ਨਹੀਂ ਜਿੱਤੀਆਂ ਜਾਂਦੀਆਂ।' ਪੱਤਰਕਾਰਾਂ ਅਤੇ ਰੇਡੀਉ, ਟੈਲੀਵੀਜ਼ਨਾਂ ਦੇ ਪੇਸ਼ਕਾਰਾਂ ਨੂੰ ਦੋਵੇਂ ਹੱਥ ਜੋੜ ਕੇ ਬੇਨਤੀ ਕਰੀਏ ਕਿ ਉਹ ਆਪਣੀ ਸੌੜੀ ਤੇ "ਸਿਆਣੀ" ਪਰ ਬੇਗਾਨੀ "ਵੋਕੈਬਲਰੀ" ਨਾਲੋਂ ਆਪਣੇ ਸ਼ਬਦ ਭੰਡਾਰ ਵਿਚ ਵਾਧਾ ਕਰਨ। ਪੰਜਾਬੀ ਕੋਲ ਹੋਰ ਬਹੁਤ ਸਾਰੀਆਂ ਜ਼ੁਬਾਨਾਂ ਤੋਂ ਵਾਧੂ ਸ਼ਬਦ ਭੰਡਾਰ ਹੈ– ਲੋੜ ਆਪਣੇ ਭਰੇ ਪਏ ਖ਼ਜ਼ਾਨੇ ਨੂੰ ਫਰੋਲਣ ਦੀ ਹੈ।

ਪੰਜਾਬੀ ਨੂੰ ਪਿਆਰ ਕਰਨ ਵਾਲਿਉ, ਆਉ- ਇਕ ਇਕ ਸ਼ਬਦ 'ਤੇ ਪਹਿਰਾ ਦੇਣ ਵਾਸਤੇ ਜਾਗਣ ਦਾ ਹੋਕਾ ਦੇਈਏ।
ਜੈ ਪੰਜਾਬੀ- ਜੀਵੇ ਪੰਜਾਬੀ।



ਕੇਹਰ ਸ਼ਰੀਫ
+49 173 3546050

**4 : ਪੰਜਾਬੀ 'ਤੇ ਮਾਣ ਕਰੋ,** "ਪੰਗਰੇਜ਼ੀ" ਵਾਲੀ "ਕਾਂਗਿਆਰੀ" ਤੋਂ ਬਚੋ !! ਪੰਜਾਬ ਦੇ ਕਈ ਲੀਡਰ ਜਿਨ੍ਹਾਂ ਨੂੰ ਪਤਾ ਹੈ ਕਿ ਪੰਜਾਬ ਦੀ ਬੋਲੀ ਅਤੇ ਸਰਕਾਰੀ ਪੱਧਰ ਤੇ ਰਾਜ ਭਾਸ਼ਾ ਪੰਜਾਬੀ ਹੈ। ਉਹ ਖਾਹਮਖਾਹ ਹੀ ਕਿਸੇ ਜਲਸੇ ਵਿਚ ਤਕਰੀਰ ਕਰਦਿਆਂ ਜਾਂ ਪੇਂਡੂ ਪੱਤਰਕਾਰਾਂ ਨਾਲ ( ਜਿਨ੍ਹਾਂ ਦੇ ਇਨ੍ਹਾਂ ਲੀਡਰਾਂ ਵਲੋਂ ਬੋਲੀ ਸਾਰੀ "ਅੰਗਰੇਜ਼ੀ" ਪੱਲੇ ਵੀ ਨਹਂ ਪੈਂਦੀ – ਪਰ ਉਹ ਪੱਤਰਕਾਰ ਫੇਰ ਵੀ ਨਹੀਂ ਬੋਲਦੇ) ਅੰਗਰੇਜ਼ੀ ਜਾਂ ਪੰਗਰੇਜ਼ੀ ਬੋਲਦੇ ਹਨ- ਫੋਕੀ ਟੌਅਰ ਖਾਤਰ ? "ਮੱਝ ਅੱਗੇ ਬੀਨ ਵਜਾਉਣੀ" ਸ਼ਾਇਦ ਇਸੇ ਨੂੰ ਕਿਹਾ ਗਿਆ ਹੋਵੇਗਾ।

ਪੰਜਾਬ ਦੇ ਹਰ ਵਸਨੀਕ ਨੂੰ ਪੰਜਾਬੀ ਆਉਂਦੀ ਹੈ , ਕੈਪਟਨ ਸਾਹਿਬ ਤੇ ਸੁਖਪਾਲ ਖਹਿਰੇ ਨੂੰ ਵੀ। ਸਮਝ ਨਹੀਂ ਲਗਦੀ ਕਿ ਬੋਲਦਿਆਂ ਬੋਲਦਿਆਂ ਇਹ "ਪੰਗਰੇਜ਼ੀ" (ਪੰਜਾਬੀ-ਅੰਗਰੇਜ਼ੀ ਦਾ "ਗੁਤਾਵਾ") ਕਿਉਂ ਬੋਲਣ ਲੱਗ ਪੈਂਦੇ ਹਨ? ਇਸ ਬੀਮਾਰੀ ਦੇ ਸਭ ਤੋਂ ਵੱਡੇ ਮਰੀਜ਼ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਸਾਹਿਬ ਵੀ ਹਨ ਸਭ ਤੋਂ ਵੱਧ "ਪੰਜਾਬੀ ਦਾ ਰਾਗ ਅਲਾਪਣ ਵਾਲਾ" ਸੁਖਪਾਲ ਖਹਿਰਾ ਵੀ ਹੈ (ਹੋਰ ਵੀ ਕਈ ਹਨ) । ਜਿਸਨੇ "ਆਪਣੀ ਪਾਰਟੀ" ਦਾ ਨਾਂ ਵੀ "ਪੰਜਾਬੀ ਏਕਤਾ ਪਾਰਟੀ" ਰੱਖਿਆ ਹੈ। ਕੀ ਆਪਣੀ ਮਾਂ ਬੋਲੀ ਨਾਲ ਅਜਿਹਾ ਸਲੂਕ ਪੰਜਾਬੀ ਬੋਲੀ ਦਾ ਅਪਮਾਨ ਨਹੀਂ ? ਕਾਂਗਰਸ ਪਾਰਟੀ ਵਲੋਂ ਕੈਪਟਨ ਸਾਹਿਬ ਦੇ ਸਲਾਹਕਾਰ ਪੰਜਾਬ ਦੇ ਖ਼ਜ਼ਾਨੇ ਵਿਚੋਂ ਵੱਡੀਆਂ ਤਨਖਾਹਾਂ ਲੈਂਦੇ ਹਨ- ਕੀ ਪੰਜਾਬੀ ਬਾਰੇ ਇਹ ਸਲਾਹ ਉਹ ਨਹੀਂ ਦੇ ਸਕਦੇ ? – ਕਾਂਗਰਸ ਵਿਚ ਹੋਰ ਵੀ ਸੂਝਵਾਨ ਜਰੂਰ ਹੋਣਗੇ ਜਿਨ੍ਹਾਂ ਨੂੰ ਪੰਜਾਬੀ ਨਾਲ ਜਰੂਰ ਮੋਹ ਹੋਵੇਗਾ, ਉਹ ਇਸ ਮਾਮਲੇ ਵਿਚ ਕੁੱਝ ਕਰਨ। ਇਸੇ ਤਰ੍ਹਾਂ ਖਹਿਰੇ ਦੇ ਹਮਾਇਤੀਆਂ ਵਿਚ ਵੀ ਜਰੂਰ ਕੋਈ ਨਾ ਕੋਈ ਹੋਵੇਗਾ– ਜਿਸ ਨੂੰ ਇਹ ਜਰੂਰ ਪਤਾ ਹੋਵਗਾ ਕਿ ਪੰਜਾਬੀ ਸਾਡੀ

(ਬਾਕੀ ਅਗਲੇ ਸਫੇ 'ਤੇ)

# ਪੇਂਡੂ ਖੇਡ ਸੱਭਿਆਚਾਰ ਨੂੰ ਸਾਂਭਣ ਲਈ ਮਿਸਾਲ ਬਣੀਆਂ ਜਰਖੜ ਖੇਡਾਂ






**ਯਾਦਵਿੰਦਰ ਸਿੰਘ ਤੂਰ**
**9501582626**

ਲੰਘੀ 25, 26 ਤੇ 27 ਜਨਵਰੀ 2019 ਨੂੰ ਲੁਧਿਆਣਾ ਦੇ ਪਿੰਡ ਜਰਖੜ ਵਿਖੇ ਪੇਂਡੂ ਖੇਡ ਮੇਲਾ ਕਰਾਇਆ ਗਿਆ। ਜੇਕਰ ਇਸਨੂੰ ਖੇਡ ਮੇਲਾ ਕਹਿਣ ਦੀ ਬਜਾਏ ਮਿਨੀ ਓਲੰਪਿਕ ਕਹਿ ਲਿਆ ਜਾਏ ਤਾਂ ਇਸ 'ਚ ਕੁਝ ਗਲਤ ਨਹੀਂ ਹੋਵੇਗਾ। ਕਿਉਂਕਿ ਕਿਸੇ ਪਿੰਡ 'ਚ ਇੰਨੇ ਵੱਡੇ ਪੱਧਰ 'ਤੇ ਇੱਕੋ ਖੇਡ ਸਟੇਡੀਅਮ 'ਚ 5 ਖੇਡਾਂ ਇੱਕੋ ਸਮੇਂ ਹੋ ਰਹੀਆਂ ਹੋਣ, ਆਪਣੇ ਆਪ 'ਚ ਇੱਕ ਮਿਸਾਲ ਹੈ। ਸਟੇਡੀਅਮ ਬਾਰੇ ਜੇਕਰ ਗੱਲ ਕਰੀਏ ਤਾਂ ਜਿੰਨੀ ਵੀ ਤਾਰੀਫ ਕੀਤੀ ਜਾਏ, ਉਨੀ ਥੋੜ੍ਹੀ ਹੈ। ਖਾਸ ਕਰ ਇਸ ਸਟੇਡੀਅਮ ਦੀ ਤਾਰੀਫ ਕਰਨੀ ਇਸ ਕਰਕੇ ਬਣਦੀ ਹੈ ਕਿਉਂਕਿ ਇਹ ਸਟੇਡੀਅਮ ਬਿਨਾ ਕਿਸੇ ਸਰਕਾਰੀ ਮਦਦ ਤੋਂ ਬਣਾਇਆ ਗਿਆ ਹੈ ਤੇ ਸਿਰਫ ਐਨ.ਆਰ.ਆਈ ਭਰਾਵਾਂ ਤੇ ਉਥੋਂ ਦੇ ਖੇਡ ਪ੍ਰਬੰਧਕੀ ਮੈਂਬਰ ਸਾਹਿਬਾਨਾਂ ਤੇ ਪਿੰਡ ਵਾਸੀਆਂ ਦੀ ਮਿਹਨਤ ਸਦਕਾ ਇਕ ਪਿੰਡ 'ਚ ਅੰਤਰ-ਰਾਸ਼ਠਰੀ ਪੱਧਰ ਦੀ ਝਲਕ ਪਾਉਂਦਾ ਇੰਨਾ ਵਿਸ਼ਾਲ ਖੇਡ ਸਟੇਡੀਅਮ ਖੜ੍ਹਾ ਕੀਤਾ ਗਿਆ ਹੈ। ਜਰਖੜ 'ਚ ਹਾਕੀ ਖੇਡ ਦਾ ਜੋ ਪੱਧਰ ਹੈ, ਉਸ ਦਾ ਕੋਈ ਮੁਕਾਬਲਾ ਨਹੀਂ। ਹਾਕੀ ਦੇ ਨਾਲ ਨਾਲ ਹੋਰਨਾਂ ਖੇਡਾਂ ਜਿਵੇਂ, ਫੁਟਬਾਲ, ਵਾਲੀਬਾਲ, ਬਾਸਕਟਬਾਲ, ਕਬੱਡੀ ਵਰਗੀਆਂ ਖੇਡਾਂ ਵੀ ਅਨੁਸ਼ਾਸਨ 'ਚ ਰਹਿ ਕੇ ਕਰਾਈਆਂ ਜਾਂਦੀਆਂ ਹਨ।

ਵੱਡੀ ਗੱਲ ਇਸ ਪਿੰਡ ਦੀਆਂ ਖੇਡਾਂ ਦੀ ਇਹ ਹੈ ਕਿ ਇਸ ਪਿੰਡ 'ਚ ਖੇਡਾਂ ਸਿਰਫ ਸਾਲ ਬਾਅਦ ਹੀ ਨਹੀਂ ਕਰਾਈਆਂ ਜਾਂਦੀਆਂ। ਸਟੇਡੀਅਮ 'ਚ ਆਮ ਤੌਰ 'ਤੇ ਖੇਡਾਂ ਹੁੰਦੀਆਂ ਹੀ ਰਹਿੰਦੀਆਂ ਹਨ। ਜਰਖੜ ਵਿਖੇ ਹਾਕੀ ਅਕੈਡਮੀ ਵੀ ਚਲਦੀ ਹੈ ਜਿਥੇ ਕਿੰਨੇ ਹੀ ਬੱਚੇ ਹਾਕੀ ਖੇਡ ਦੇ ਸਿਰ 'ਤੇ ਅੱਜ ਸਰਕਾਰੀ ਨੌਕਰੀਆਂ ਕਰਨ ਦੇ ਨਾਲ ਨਾਲ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦੇ ਨਾਲ ਨਾਲ ਜਰਖੜ ਦਾ ਨਾਮ ਵੀ ਉੱਚਾ ਕਰ ਰਹੇ ਹਨ। ਸਾਲ ਬਾਅਦ ਇਹ ਵੱਡੀਆਂ ਖੇਡਾਂ ਤਾਂ ਕਰਾਈਆਂ ਹੀ ਜਾਂਦੀਆਂ ਹਨ ਪਰ ਇੰਨ੍ਹਾਂ ਤੋਂ ਇਲਾਵਾ ਸਮੇਂ ਸਮੇਂ 'ਤੇ ਹਾਕੀ ਟੂਰਨਾਮੈਂਟ ਜਿਸ 'ਚ ਹਾਕੀ ਲੀਗ ਮੈਚ, ਸਿੱਖ ਖੇਡਾਂ ਆਦਿ ਹੋਰ ਅਜਿਹੇ ਟੂਰਨਾਮੈਂਟ ਕਰਾਏ ਜਾਂਦੇ ਰਹਿੰਦੇ ਹਨ ਜਿੰਨ੍ਹਾਂ ਦੀ ਵੀ ਖੂਬ ਚਰਚਾ ਰਹਿੰਦੀ ਹੈ। ਇਸ ਸਾਲ ਦੀਆਂ ਖੇਡਾਂ 'ਚ ਜਰਖੜ 'ਚ ਬੜਾ ਕੁਝ ਖਾਸ ਰਿਹਾ। ਹਰ ਸਾਲ ਦੀ ਤਰ੍ਹਾਂ ਖੇਡਾਂ ਦੇ ਆਖਰੀ ਦਿਨ ਅਜਿਹੀਆਂ ਸ਼ਖਸੀਅਤਾਂ ਨੂੰ ਸਨਮਾਨਤ ਕਰ ਉਨ੍ਹਾਂ ਨੂੰ ਮਾਣ ਦਿੱਤਾ ਗਿਆ ਜਿੰਨ੍ਹਾਂ ਨੇ ਆਪਣੇ ਜੀਵਨ 'ਚ ਵਿਹਲੇ ਬੈਠ ਰੋਟੀ ਤੋੜਨ ਦੀ ਬਜਾਏ ਖੇਡ ਮੈਦਾਨਾਂ 'ਚ ਜਾਂ ਫਿਰ ਆਪੋ ਆਪਣੇ ਕਿੱਤੇ ਨਾਲ ਸਬੰਧਤ ਮੈਦਾਨ 'ਚ ਪਸੀਨਾ ਵਹਾਇਆ ਤੇ ਪੂਰੀ ਦੁਨੀਆ 'ਚ ਆਪਣੇ ਨਾਮ ਦਾ ਡੰਕਾ ਵਜਾਇਆ। ਇਹੋ ਜਿਹੇ ਸਨਮਾਨ ਹੋਣੇ ਬਹੁਤ ਹੀ ਲਾਜ਼ਮੀ ਵੀ ਹਨ ਕਿਉਂਕਿ ਇਹੋ ਜਿਹੀਆਂ ਸ਼ਖਸੀਅਤਾਂ ਦਾ ਪੇਂਡੂ ਖੇਡਾਂ 'ਚ ਆਉਣ ਨਾਲ ਖਿਡਾਰੀਆਂ ਦਾ ਹੌਸਲਾ ਵਧਦਾ ਤੇ ਉਨ੍ਹਾਂ ਦੇ ਦਿਲ ਅੰਦਰ ਵੀ ਉਹੋ ਜਿਹੇ ਖਿਡਾਰੀ ਬਣਨ ਦੀ ਚਾਹਤ ਪੈਦਾ ਹੁੰਦੀ ਹੈ। ਇਸ ਸਾਲ ਇੰਨ੍ਹਾਂ ਖੇਡਾਂ 'ਚ ੬ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ ਜਿੰਨ੍ਹਾਂ 'ਚ ਓਲੰਪੀਅਨ ਰੁਪਿੰਦਰਪਾਲ ਸਿੰਘ ਹਾਕੀ ਸਟਾਰ, ਕਾਮਨਵੈਲਥ ਖੇਡਾਂ 'ਚ ਸੋਨ ਤਗਮਾ ਜੇਤੂ ਅਥਲੀਟ ਨਵਜੀਤ ਕੌਰ ਢਿੱਲੋਂ, ਸੰਤ ਬਲਬੀਰ ਸਿੰਘ ਸੀਚੇਵਾਲ, ਕਬੱਡੀ ਸਟਾਰ ਪਾਲਾ ਜਲਾਲਪੁਰ, ਪੱਤਰਕਾਰਤਾ ਦੀ ਦੁਨੀਆ 'ਚ ਖੂਬ ਨਾਮਣਾ ਖੱਟਣ ਵਾਲੇ ਸੰਤੋਖ ਸਿੰਘ ਮੰਡੇਰ, ਚੰਗੀ ਗਾਇਕੀ 'ਚ ਨਾਮਣਾ ਖੱਟਣ ਵਾਲੇ ਗਿੱਲ ਹਰਦੀਪ ਵਰਗੇ ਫਨਕਾਰ ਅਤੇ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ।

ਇੰਨੇ ਵੱਡੇ ਪੱਧਰ 'ਤੇ ਹੁੰਦੀਆਂ ਇਹੋ ਜਿਹੀਆਂ ਖੇਡਾਂ ਨੂੰ ਦੇਖਦਿਆਂ ਮਨ 'ਚ ਸਵਾਲ ਆਉਂਦੇ ਹਨ ਕਿ ਆਖਰ ਇਹ ਖੇਡਾਂ ਨੇਪਰੇ ਕਿਵੇਂ ਚੜ੍ਹਦੀਆਂ ਹੋਣਗੀਆਂ? ਇੰਨ੍ਹਾਂ ਖੇਡਾਂ ਦਾ ਬਜਟ ਕਿੰਨਾਂ ਹੁੰਦਾ ਹੋਵੇਗਾ ਤੇ ਕੌਣ ਇਸਨੂੰ ਸਪਾਂਸਰ ਕਰਦਾ ਹੋਵੇਗਾ ? ਪਹਿਲੀ ਗੱਲ ਕਿ ਪੇਂਡੂ ਖੇਤਰ 'ਚ ਓਲੰਪਿਕ ਲੈਵਲ ਦਾ ਮੈਦਾਨ ਤਿਆਰ ਕਰ ਆਏ ਸਾਲ ਵੱਡੀਆਂ ਖੇਡਾਂ ਕਰਾਉਣਾ ਹੀ ਬਹੁਤ ਵੱਡੀ ਗੱਲ ਹੈ ਤੇ ਉਸ ਤੋਂ ਉੱਤੇ ਇੰਨ੍ਹਾਂ ਨੂੰ ਸਪਾਂਸਰ ਕਰ ਰਹੀਆਂ ਕੰਪਨੀਆਂ ਦੀ ਜੋ ਕਮਰਸ਼ੀਅਲ ਦੇ ਨਾਲ ਨਾਲ ਬੱਚਿਆਂ ਨੂੰ ਨਸ਼ਿਆਂ ਆਦਿ ਤੋਂ ਬਚਾਉਣ ਲਈ ਇੱਡੇ ਵੱਡੇ ਟੂਰਨਾਮੈਂਟ ਨੂੰ ਸਪਾਂਸਰ ਕਰਦੇ ਹਨ। ਜਰਖੜ ਖੇਡਾਂ ਦੇ ਮੁੱਖ ਸਪਾਂਸਰਾਂ ਵਿਚੋਂ ਕੋਕਾ-ਕੋਲਾ, ਏਵਨ ਸਾਈਕਲ, ਬੈਂਕ ਆਫ ਇੰਡੀਆ ਹਨ ਜੋ ਆਏ ਸਾਲ ਇਥੇ ਆਉਂਦੇ ਖਿਡਾਰੀਆਂ ਨੂੰ ਲੱਖਾਂ ਰੁਪਇਆਂ ਦੇ ਇਨਾਮਾਂ ਨਾਲ ਨਿਵਾਜਦੀਆਂ ਹਨ। ਇਸੇ ਤਰ੍ਹਾਂ ਇੰਨ੍ਹਾਂ ਵੱਡੀਆਂ ਕੰਪਨੀਆਂ ਦੇ ਨਾਲ ਨਾਲ ਜਰਖੜ ਖੇਡਾਂ ਦੇ ਨਾਲ ਥੰਮ੍ਹ ਬਣ ਕੇ ਖੜ੍ਹੇ ਸਹਿਯੋਗੀ ਤੇ ਐਨ.ਆਰ.ਆਈ ਭਰਾ, ਜਿੰਨ੍ਹਾਂ ਦੀ ਮਦਦ ਸਦਕਾ ਇੰਨੇ ਵੱਡੇ ਟੂਰਨਾਮੈਂਟ ਸਫਲ ਹੁੰਦੇ ਹਨ।

ਇੰਨ੍ਹਾਂ ਖੇਡਾਂ ਨੂੰ ਹੋਰ ਉੱਚੇ ਪੱਧਰ 'ਤੇ ਚੁੱਕਣ ਲਈ ਜੇਕਰ ਪ੍ਰਬੰਧਾਂ 'ਚ ਥੋੜ੍ਹਾ ਹੋਰ ਸੁਧਾਰ ਲਿਆਇਆ ਜਾਵੇ ਤਾਂ ਖੇਡਾਂ ਨੂੰ ਵਿਸ਼ਵ ਪੱਧਰ ਤੱਕ ਪਹੁੰਚਾਇਆ ਜਾ ਸਕਦਾ ਹੈ। ਸਭ ਤੋਂ ਅਹਿਮ ਗੱਲ ਕਿ ਖੇਡਾਂ ਨੂੰ ਰਾਜਨੀਤੀ ਤੋਂ ਪਰ੍ਹਾਂ ਕਰਨ ਦੀ ਸਖਤ ਜ਼ਰੂਰਤ ਹੈ। ਇਹ ਕੇਵਲ ਜਰਖੜ ਖੇਡਾਂ ਹੀ ਨਹੀਂ ਸਗੋਂ ਪੂਰੇ ਪੰਜਾਬ ਦੇ ਪੇਂਡੂ ਖੇਡ ਸੱਭਿਆਚਾਰ ਦੀ ਦਾਸਤਾਨ ਹੈ ਕਿ ਹਰ ਪੱਧਰ 'ਤੇ ਕੁਝ ਕੁ ਰਾਜਨੀਤਿਕ ਲੋਕਾਂ ਦੀ ਸ਼ਮੂਲੀਅਤ ਨਾਲ ਬਾਕੀ ਦੇ ਪ੍ਰਬੰਧਕਾਂ ਦੀ ਮਿਹਨਤ ਬੇਕਾਰ ਹੋ ਜਾਂਦੀ ਹੈ। ਦੂਜੀ ਗੱਲ ਅਜਿਹੀਆਂ ਖੇਡਾਂ ਵੱਲ੍ਹ ਸਰਕਾਰ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ। ਸਰਕਾਰਾਂ ਨੂੰ ਆਪਣੇ ਵੱਲੋਂ ਇਹੋ ਜਿਹੇ ਵੱਡੇ ਪੱਧਰ 'ਤੇ ਕਰਾਈਆਂ ਜਾਣ ਵਾਲੀਆਂ ਖੇਡਾਂ 'ਚ ਸ਼ਮੂਲੀਅਤ ਕਰਨੀ ਚਾਹੀਦੀ ਹੈ। ਜੇਕਰ ਸਰਕਾਰ ਆਪਣੇ ਵੱਲੋਂ ਅਜਿਹੀਆਂ ਖੇਡਾਂ ਦੀ ਪ੍ਰਮੋਸ਼ਨ ਕਰੇ, ਮੀਡੀਆ 'ਚ ਬੋਲਬਾਲਾ ਕਰਾਏ, ਚੰਗੇ ਖਿਡਾਰੀਆਂ ਦੀ ਚੋਣ ਕਰ ਅੱਗੇ ਤੱਕ ਲੈ ਜਾਵੇ ਤਾਂ ਸ਼ਾਇਦ ਇਥੇ ਖੇਡਣ ਵਾਲੇ ਖਿਡਾਰੀਆਂ ਨੂੰ ਇੱਕ ਆਸ ਦੀ ਕਿਰਨ ਜ਼ਰੂਰ ਨਜ਼ਰ ਆਏਗੀ ਤੇ ਇਹੋ ਜਿਹੇ ਟੂਰਨਾਮੈਂਟਾਂ 'ਤੇ ਖਿਡਾਰੀਆਂ 'ਚ ਹੋਰ ਮਿਹਨਤ ਲਾ ਕੇ ਖੇਡਣ ਦਾ ਜਜ਼ਬਾ ਪੈਦਾ ਹੋ ਸਕੇਗਾ।

ਜਰਖੜ ਵਰਗੇ ਪਿੰਡ 'ਚ ਜਿਥੇ ਜਾਂਦਿਆਂ ਹੀ ਅੰਤਰ-ਰਾਸ਼ਟਰੀ ਸਟੇਡੀਅਮ ਦਾ ਭੁਲੇਖਾ ਪੈਂਦਾ ਹੈ, ਇਹੋ ਜਿਹੇ ਖੇਡ ਸਟੇਡੀਅਮ ਪਿੰਡ- ਪਿੰਡ ਬਣਾਉਣ ਦਾ ਜ਼ਿੰਮਾ ਸਰਕਾਰਾਂ ਨੂੰ ਆਪਣੇ ਸਿਰ ਲੈਣਾ ਚਾਹੀਦਾ ਹੈ, ਚਲੋ ਜੇਕਰ ਇਹੋ ਜਿਹੇ ਕਰੋੜਾਂ ਦੀ ਲਾਗਤ ਨਾਲ ਬਣੇ ਸਟੇਡੀਅਮ ਜੇਕਰ ਸਰਕਾਰਾਂ ਨਹੀਂ ਬਣਾ ਸਕਦੀ ਤਾਂ ਖੇਡਾਂ ਨੂੰ ਕੁਝ ਅਜਿਹੇ ਹੱਥਾਂ 'ਚ ਦੇਣ ਦੀ ਖੇਚਲ ਜ਼ਰੂਰ ਕਰ ਸਕਦੀ ਹੈ ਜੋ ਪੰਜਾਬ ਦੇ ਖਿਡਾਰੀਆਂ ਨੂੰ ਚੰਗੇ ਰਸਤੇ ਵੱਲ੍ਹ ਲਿਜਾ ਉਨ੍ਹਾਂ ਦਾ ਭਵਿੱਖ ਚਮਕਾਉਣ 'ਚ ਲਾਹੇਵੰਦ ਸਾਬਤ ਹੋ ਸਕਣ ਅਤੇ ਨਾਲ ਹੀ ਪੰਜਾਬ ਦੇ ਖਿਡਾਰੀ ਵੀ ਹੋਰਨਾਂ ਸੂਬਿਆਂ 'ਚ ਜਾਣ ਦੇ ਸੁਪਨਿਆਂ ਨੂੰ ਛੱਡ ਆਪਣੇ ਘਰ 'ਚ ਰਹਿ ਕੇ ਹੀ ਸੂਬੇ ਦਾ ਨਾਮ ਚਮਕਾਉਣ।

# ਬੱਚਿਆਂ ਲਈ ਖੇਡਾਂ ਦਾ ਮਹੱਤਵ



ਮੇਜਰ ਸਿੰਘ ਨਾਭਾ

ਅਸੀਂ ਬੱਚੇ ਦੀ ਜਨਮ ਤੋਂ ਹੀ ਖੇਡਾਂ ਵੱਲ ਰੁਚੀ ਦੇਖ ਕੇ ਉਸ ਨੂੰ ਖੇਡਣ ਲਈ ਕੋਈ ਨਾ ਕੋਈ ਖਿਡੌਣਾ ਦੇ ਦਿੰਦੇ ਹਾਂ। ਇਸ ਨਾਲ ਬੱਚੇ ਦੇ ਮਨ ਨੂੰ ਖੁਸ਼ੀ ਮਿਲਦੀ ਹੈ।ਬੱਚੇ ਦੀ ਤੰਦਰੁਸਤੀ ਦਾ ਪਤਾ ਵੀ ਬੱਚੇ ਦੇ ਖੇਡਣ ਤੋਂ ਲਗਦਾ ਹੈ।ਇਸ ਲਈ ਖੇਡਾਂ ਜ਼ਿੰਦਗੀ ਦੀ ਰਵਾਨਗੀ ਦੇ ਨਾਲ-ਨਾਲ ਆਨੰਦ ਵੀ ਦਿੰਦੀਆਂ ਹਨ।ਇਹ ਬਚਪਨ ਤੋਂ ਬੁਢਾਪੇ ਤੱਕ ਖੇਡੀਆਂ ਜਾ ਸਕਦੀਆਂ ਹਨ। ਪੁਰਾਣੇ ਸਮਿਆਂ ਵਿੱਚ ਸਾਨੂੰ ਸਰੀਰਕ ਤੌਰ'ਤੇ ਬਹੁਤ ਕੰਮ ਕਰਨੇ ਪੈਂਦੇ ਸਨ ਪਰ ਅੱਜ ਵਿਗਿਆਨ ਨੇ ਸਾਨੂੰ ਅਨੇਕਾਂ ਸਹੂਲਤਾਂ ਦਿੱਤੀਆਂ ਹਨ,ਜਿਨ੍ਹਾਂ ਸਦਕਾ ਸਰੀਰਕ ਤਾਕਤ ਦੀ ਵਰਤੋਂ ਘੱਟ ਗਈ ਹੈ। ਹੁਣ ਵੈਸੇ ਵੀ ਹੱਥੀਂ ਕੰਮ ਕਰਨ ਤੋਂ ਹਰ ਇਕ ਕਤਰਾਉਣ ਲੱਗ ਪਿਆ ਹੈ।

ਜ਼ਿੰਦਗੀ ਵਿੱਚ ਮਨ ਦੀ ਖੁਸ਼ੀ ਦਾ ਅਨੋਖਾ ਅਹਿਸਾਸ ਹੁੰਦਾ ਹੈ।ਇਸੇ ਲਈ ਗੁਰੂ ਸਾਹਿਬਾਨ ਨੇ ਆਖਿਆ ਹੈ, 'ਨਚਣੁ ਕੁਦਣੁ ਮਨ ਕਾ ਚਾਉ"। ਸੋ ਖੇਡਾਂ ਖੇਡਣਾ ਜ਼ਿੰਦਗੀ ਦਾ ਅਹਿਮ ਅੰਗ ਹੈ।ਸਰੀਰਕ ਤੰਦਰੁਸਤੀ ਬਾਰੇ ਕਿਸੇ ਨੇ ਠੀਕ ਹੀ ਕਿਹਾ ਹੈ ਕਿ, 'ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਦਿਮਾਗ ਹੁੰਦਾ ਹੈ"। ਇਸ ਲਈ ਦੇਸ਼ ਦੇ ਬੱਚਿਆਂ ਦੀ ਸਿਹਤ ਵੱਲ ਉਚੇਚਾ ਧਿਆਨ ਦੇਣਾ ਪਵੇਗਾ ਤਾਂ ਹੀ ਉਨ੍ਹਾਂ ਦੇ ਦਿਮਾਗ ਤੰਦਰੁਸਤ ਹੋਣਗੇ। ਅੱਜ ਦੀ ਇਸ ਪਨੀਰੀ ਨੇ ਕੱਲ੍ਹ ਦੇ ਨੇਤਾ ਬਣਨਾ ਹੈ ਅਤੇ ਦੇਸ਼ ਨੂੰ ਉੱਚੀਆਂ ਬੁਲੰਦੀਆਂ ਤੇ ਲਿਜਾਣਾ ਹੈ। ਇਹ ਸਭ ਤਾਂ ਹੀ ਹੋ ਸਕਦਾ ਹੈ ਜੇ ਦੇਸ਼ ਦਾ ਦਿਮਾਗ ਭਾਵ ਸਾਡੇ ਦੇਸ਼ ਦੇ ਨੇਤਾਵਾਂ ਦਾ ਦਿਮਾਗ ਤੰਦਰੁਸਤ ਹੋਵੇਗਾ।

ਕਈ ਅਮੀਰ ਲੋਕ ਤਾਂ ਪੈਦਲ ਜਾਂ ਸਾਈਕਲ ਤੇ ਜਾਣ ਨੂੰ ਵੀ ਸ਼ਰਮ ਮਹਿਸੂਸ ਕਰਦੇ ਹਨ। ਇਹ ਲੋਕ ਸਰੀਰ ਨੂੰ ਪਸੀਨਾ ਤੱਕ ਨਹੀਂ ਆਉਣ ਦਿੰਦੇ ਕਿਉਂ ਕਿ ਉਨ੍ਹਾਂ ਕੋਲ ਜ਼ਿੰਦਗੀ ਦੀ ਹਰੇਕ ਸਹੂਲਤ ਹੁੰਦੀ ਹੈ। ਇਸ ਲਈ ਇਹੋ ਜਿਹੇ ਲੋਕਾਂ ਲਈ ਤਾਂ ਖੇਡਾਂ ਦਾ ਮਹੱਤਵ ਹੋਰ ਵੀ ਵਧੇਰੇ ਹੈ।

ਖੇਡ ਖੇਡਣ ਨਾਲ ਸਾਡਾ ਮਨ ਦੁਨਿਆਵੀ ਰੁਝੇਵਿਆਂ ਤੋਂ ਦੂਰ ਰਹਿੰਦਾ ਹੈ, ਇਸ ਤਰ੍ਹਾਂ ਮਾਨਸਿਕ ਪ੍ਰੇਸ਼ਾਨੀ ਵੀ ਦੂਰ ਹੁੰਦੀ ਹੈ। ਬੱਚਿਆਂ ਅੰਦਰ ਖੇਡਾਂ ਦੀ ਰੁਚੀ ਘਟਦੀ ਜਾ ਰਹੀ ਹੈ। ਟੈਲੀਵੀਜ਼ਨ ਅਤੇ ਕੇਬਲ ਟੀ.ਵੀ. ਨੇ ਬੱਚਿਆ ਦੇ ਖੇਡ ਸਮੇਂ ਨੂੰ ਨਿਗਲਣਾ ਸ਼ੁਰੂ ਕੀਤਾ ਹੋਇਆ ਹੈ।ਖੇਡਾਂ ਦੇਸ਼ ਦੀ ਨੌਜਵਾਨੀ ਦੀ ਊਰਜਾ ਨੂੰ ਚੰਗੇ ਪਾਸੇ ਲਾਉਣ ਲਈ ਇੱਕ ਅਹਿਮ ਸਾਧਨ ਹਨ। ਬਹੁਤ ਸਾਰੇ ਅੰਤਰ-ਰਾਸਟਰੀ ਖਿਡਾਰੀਆਂ ਨੇ ਸਾਡੇ ਦੇਸ਼ ਦਾ ਨਾਂ ਦੁਨੀਆਂ ਵਿੱਚ ਰੋਸ਼ਨ ਕੀਤਾ ਹੈ।

ਹੁਣੇ ਹੀ ਜੂਨੀਅਰ ਹਾਕੀ ਟੀਮ ਨੇ ਵਰਲਡ ਕੱਪ ਜਿੱਤ ਕੇ ਖੇਡਾਂ ਵਿੱਚ ਨਵੀਂ ਥਾਂ ਬਣਾਈ ਹੈ। ਇਸ ਟੀਮ ਵਿੱਚ ਬਹੁਤਾਤ ਖਿਡਾਰੀ ਪੰਜਾਬ ਦੇ ਹਨ, ਇਸ ਲਈ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਕੇ ਹੋਰ ਵੀ ਵਧੀਆ ਪ੍ਰਾਪਤੀਆਂ ਦੀਆਂ ਸੰਭਾਵਨਾਵਾਂ ਹਨ।ਖੇਡ ਮੈਦਾਨ ਵਿੱਚੋਂ ਬਹੁਤ ਸਾਰੀਆਂ ਚੰਗੀਆਂ ਗੱਲਾਂ ਦਾ ਪਤਾ ਲੱਗਦਾ ਹੈ ਜਿਨ੍ਹਾਂ'ਚੋਂ ਅਨੁਸ਼ਾਸ਼ਨ ਅਤੇ ਸਹਿਣਸ਼ੀਲਤਾ ਪ੍ਰਮੁੱਖ ਹਨ। ਅੰਤਰਰਾਸ਼ਟਰੀ ਪੱਧਰ ਦੀਆਂ ਟੀਮਾਂ ਵਿੱਚ ਵੱਖੋ-ਵੱਖਰੇ ਸੂਬਿਆਂ ਦੇ ਖਿਡਾਰੀ ਹੋਣ ਦੇ ਬਾਵਜੂਦ ਉਹ ਪੂਰੇ ਤਾਲਮੇਲ ਨਾਲ ਖੇਡਦੇ ਹਨ।ਉਹ ਆਪਸ ਵਿੱਚ ਭਰਾਵਾਂ ਵਾਂਗ ਰਹਿੰਦੇ ਹਨ। ਇਸ ਤਰ੍ਹਾਂ ਦੇਸ਼ ਦੀ ਰਾਸ਼ਟਰੀ ਏਕਤਾ ਵਿੱਚ ਮਜਬੂਤੀ ਆਉਂਦੀ ਹੈ। ਇਥੇ ਇਹ ਵੀ ਜਿਕਰ ਕਰਨਾ ਬਣਦਾ ਹੈ ਕਿ ਪਿਛਲੇ ਸਮਿਆਂ ਦੌਰਾਨ ਖਿਡਾਰੀਆਂ ਅੰਦਰ ਨਸ਼ਿਆਂ ਜਾਂ ਤਾਕਤ ਵਧਾਊ ਦਵਾਈਆਂ ਦੇ ਸੇਵਨ ਦਾ ਵਿਸ਼ਾ ਚਰਚਾ ਅੰਦਰ ਰਿਹਾ ਹੈ।ਰਾਸਟਰੀ ਖੇਡ ਦਿਵਸ ਮੌਕੇ ਖਿਡਾਰੀਆਂ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਕਿਸੇ ਵੀ ਅਜਿਹੇ ਢੰਗ ਨਾਲ ਖੇਡ ਨਹੀਂ ਖੇਡਣਗੇ, ਜਿਸ ਨਾਲ ਦੇਸ਼ ਦਾ ਅਤੇ ਉਨ੍ਹਾਂ ਦਾ ਨਾਂ ਬਦਨਾਮ ਹੋਵੇ ਸਗੋਂ ਆਪਣੇ ਡੌਲਿਆਂ ਦੇ ਬਲਬੂਤੇ ਹੀ ਜਿੱਤ ਪ੍ਰਾਪਤ ਕਰਨੀ ਸ਼ੋਭਾ ਦਿੰਦੀ ਹੈ।

ਬੱਚਿਆਂ ਨੂੰ ਖੇਡਾਂ ਵੱਲ ਰੁਚਿਤ ਕਰਨ ਲਈ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਖੇਡ ਮੁਕਾਬਲਿਆ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।ਬੱਚਾ ਕੱਚੀ ਕਲੀ ਵਾਂਗ ਹੁੰਦਾ ਹੈ, ਉਸ ਨੂੰ ਜਿਧਰ ਮਰਜ਼ੀ ਮੋੜ ਲਵੋ।ਖੇਡਾਂ ਵਿੱਚ ਰਾਸਟਰੀ, ਅੰਤਰਰਾਸਟਰੀ ਪੱਧਰ ਦੀਆਂ ਪ੍ਰਾਪਤੀਆਂ ਵਾਲੇ ਖਿਡਾਰੀਆਂ ਦੀਆਂ ਜੀਵਨੀਆਂ ਵੱਧ ਤੋਂ ਵੱਧ ਸਿਲੇਬਸ ਵਿੱਚ ਸਾਮਲ ਕਰਕੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਲਾਹੇਵੰਦ ਹੋ ਸਕਦੀਆਂ ਹਨ।ਖੇਡ ਵਿਭਾਗ ਨੂੰ ਵੀ ਬੱਚਿਆ ਲਈ ਖੇਡ ਸਹੂਲਤਾਂ ਪ੍ਰਦਾਨ ਕਰਨ ਵਿੱਚ ਖੁੱਲ੍ਹਦਿਲੀ ਦਿਖਾਉਣੀ ਚਾਹੀਦੀ ਹੈ।ਭਾਵੇਂ ਸਕੂਲਾਂ ਵਿੱਚ ਸਰੀਰਕ ਸਿੱਖਿਆ ਦਾ ਵਿਸ਼ਾ ਲਾਜ਼ਮੀ ਤੌਰ'ਤੇ ਸ਼ੁਰੂ ਹੋ ਚੁੱਕਾ ਹੈ। ਪਰ ਬਹੁਤੇ ਸਕੂਲਾਂ ਵਿੱਚ ਬੱਚੇ ਇਸ ਵਿਸ਼ੇ ਦੀ ਥਿਊਰੀ ਨੂੰ ਪੜ੍ਹਨ ਤੱਕ ਸੀਮਤ ਰਹਿੰਦੇ ਹਨ, ਪ੍ਰੈਕਟੀਕਲ ਅੰਕ ਜੋ ਅੱਧ ਤੋਂ ਵੱਧ ਹੁੰਦੇ ਹਨ, ਲਈ ਖੇਡਾਂ ਖਿਡਾਈਆਂ ਹੀ ਨਹੀਂ ਜਾਂਦੀਆਂ, ਸਗੋਂ ਐਵੇਂ ਹੀ ਪ੍ਰੈਕਟੀਕਲ ਦੇ ਅੰਕ ਖਾਨਾ-ਪੂਰਤੀ ਕਰਕੇ ਲਗਾ ਦਿੱਤੇ ਜਾਂਦੇ ਹਨ। ਮੈਟ੍ਰਿਕ ਦੀ ਪ੍ਰੀਖਿਆ ਵਿੱਚ ਬੋਰਡ ਵਲੋਂ ਪੇਪਰ ਤਾਂ ਸਰੀਰਕ ਸਿੱਖਿਆ ਦਾ ਲਿਆ ਜਾਂਦਾ ਹੈ,ਪਰ ਕੁੱਲ ਅੰਕਾਂ ਵਿੱਚ ਇਸ ਵਿਸ਼ੇ ਦੇ ਅੰਕਾਂ ਨੂੰ ਜੋੜਿਆ ਨਹੀਂ ਜਾਂਦਾ, ਜੋ ਕਿ ਖਿਡਾਰੀ ਵਿਦਿਆਰਥੀਆਂ ਲਈ ਬੇਇਨਸਾਫੀ ਹੈ। ਸੋ ਇਸ ਵਿਸ਼ੇ ਦੇ ਅੰਕਾਂ ਨੂੰ ਕੁੱਲ ਅੰਕਾਂ ਵਿੱਚ ਜੋੜ ਕੇ ਵਿਚਾਰਨ ਨਾਲ ਬੱਚਿਆ ਦੀ ਖੇਡਾਂ ਪ੍ਰਤੀ ਰੁਚੀ ਜ਼ਰੂਰ ਵਧੇਗੀ। ਖੇਡ ਅਧਿਆਪਕ ਵੀ ਹਰੇਕ ਸਕੂਲ ਵਿੱਚ ਨਿਯੁਕਤ ਕੀਤੇ ਜਾਣ ਤਾਂ ਕਿ ਸਾਰੇ ਬੱਚਿਆਂ ਨੂੰ ਖੇਡਾਂ 'ਚ ਭਾਗ ਲਈ ਬਰਾਬਰ ਮੌਕੇ ਮਿਲ ਸਕਣ।

# ਸੁਣਕ ਕਹਿਣ ਦੀਆਂ ਗੱਲਾਂ

**(ਸਫਾ 15 ਦੀ ਬਾਕੀ)**

ਮਾਂ ਬੋਲੀ ਹੈ - ਉਹ ਖਹਿਰੇ ਨੂੰ ਦੱਸਣ ਕਿ ਪੰਜਾਬ ਵਿਚ ਕਿਸੇ ਥਾਂ ਵੀ ਬੋਲਦਿਆਂ ਉਹਨੂੰ "ਪੰਗਰੇਜ਼ੀ" ਬੋਲ ਕੇ ਪੰਜਾਬੀ ਦੀ ਬੇਅਦਬੀ ਕਰਨ ਦੀ ਲੋੜ ਨਹੀਂ। ਜੇ ਕੋਈ ਪੰਜਾਬੀ ਪਿਆਰਾ ਇਨ੍ਹਾਂ ਲੀਡਰਾਂ ਨੂੰ ਦੱਸੇ ਕਿ ਪੰਜਾਬੀ ਬਹੁਤ ਹੀ ਮਾਣਮੱਤੀ ਬੋਲੀ ਹੈ- ਇਸ ਵਿਚ ਆਪਣੇ ਸਾਰੇ "ਭਾਵ" ਪੇਸ਼ ਕਰ ਸਕਦੇ ਹਨ। ਪੰਜਾਬੀ ਦਾ ਸ਼ਬਦ ਭੰਡਾਰ ਕਿਸੇ ਵੀ ਹੋਰ ਬੋਲੀ ਤੋਂ ਬਹੁਤ ਵਿਸ਼ਾਲ ਹੈ। ਫੇਰ ਸਾਡੇ ਇਹ ਲੀਡਰ "ਆਪਣੀ ਗਰੀਬ ਭਾਸ਼ਾਈ ਮਾਨਸਿਕਤਾ " ਦਾ ਮੁਜਾਹਿਰਾ ਕਿਉਂ ਤੇ ਕਿਸ ਵਾਸਤੇ ਕਰਦੇ ਹਨ। ਇਨ੍ਹਾਂ ਲੀਡਰਾਂ ਦੇ ਮਨ ਵਿਚ ਪੰਜਾਬੀ ਬੋਲੀ ਪ੍ਰਤੀ ਅਜਿਹੀ ਹੀਣ ਭਾਵਨਾ ਕਿਉਂ ਹੈ ?? ਇਨ੍ਹਾਂ ਨੂੰ ਪੰਜਾਬੀ ਬੋਲੀ /ਭਾਸ਼ਾ ਬਾਰੇ ਹੋਰ ਜਾਣਕਾਰੀ ਦੀ ਲੋੜ ਹੈ। ਇਹ ਬਹੁਤ ਹੀ ਅਫਸੋਸਨਾਕ ਵਰਤਾਰਾ ਹੈ - ਇਸ ਤੋਂ ਬਚਿਆ ਜਾਣਾ ਚਾਹੀਦਾ ਹੈ। ਇਹ ਯਾਦ ਰੱਖਣ ਕਿ ਬਾਬਾ ਸ਼ੇਖ ਫਰੀਦ ਤੇ ਬਾਬਾ ਗੁਰੂ ਨਾਨਕ ਦੀ ਬੋਲੀ/ ਭਾਸ਼ਾ ਕਿਸੇ ਵੀ ਦੂਸਰੀ ਬੋਲੀ ਜਾਂ ਭਾਸ਼ਾ ਤੋਂ ਗਰੀਬ ਨਹੀਂ - ਇਨ੍ਹਾਂ (ਤੇ ਇਨ੍ਹਾਂ ਵਰਗੇ ਹੋਰਨਾਂ) ਲੀਡਰਾਂ ਨੂੰ ਆਪਣੇ ਗਿਆਨ ਵਿਚ ਵਾਧਾ ਕਰਨ ਦੀ ਲੋੜ ਹੈ ਤਾਂ ਕਿ ਇਹ ਆਪਣੀ ਪਾਲ਼ੀ ਹੋਈ ਹੀਣ ਭਾਵਨਾ ਤੋਂ ਬਾਹਰ ਨਿਕਲ ਸਕਣ।

ਇਹ ਸਮਝ ਆਓਂਦਾ ਹੈ ਕਿ ਗੈਰ ਪੰਜਾਬੀਆਂ ਨਾਲ ਉਨ੍ਹਾਂ ਵਲੋਂ ਕਿਸੇ ਹੋਰ ਬੋਲੀ /ਭਾਸ਼ਾ ਵਿਚ ਗੱਲ ਕਰਨੀ ਜਰੂਰੀ ਹੋ ਸਕਦੀ ਹੈ ਇਸ ਬਾਰੇ ਇਤਰਾਜ਼ ਵੀ ਕਿਸੇ ਨੂੰ ਨਹੀਂ ਹੋਵੇਗਾ।

ਆਸ ਕਰਨੀ ਬਣਦੀ ਹੈ ਕਿ ਆਮ ਲੋਕ ਅਤੇ ਖਾਸ ਕਰਕੇ ਪੰਜਾਬੀ ਪੱਤਰਕਾਰ ਭਾਈਚਾਰਾ, ਸਾਹਿਤਕ ਸਭਾਵਾਂ ਅਤੇ ਪੰਜਾਬੀ ਦੇ ਵਿਦਵਾਨ ਜਾਗਣਗੇ ਅਤੇ ਇਸ ਪਾਸੇ ਜਰੂਰ ਧਿਆਨ ਦੇਣਗੇ।

**ਮਾਂ ਬੋਲੀ ਨਾਲ ਜੁੜਨਾ ਜੀਵਨ, ਮਾਂ ਬੋਲੀ ਨਾਲੋਂ ਟੁੱਟਣਾ ਮੌਤ :** ਮੁਗਲਾਂ ਵੇਲੇ ਫੌਜ ਵਿਚ ਭਰਤੀ ਹੋਏ ਫੌਜੀ ਦੀ ਕਹਾਣੀ ਆਮ ਸੁਣਨ/ਪੜ੍ਹਨ ਨੂੰ ਮਿਲਦੀ ਰਹੀ ਹੈ ਕਿ ਕੋਈ ਪੇਂਡੂ ਮੁਗਲਾਂ ਦੀ ਫੌਜ ਵਿਚ ਭਰਤੀ ਹੋਇਆ ਤਾਂ ਉੱਥੇ ਫਾਰਸੀ ਬੋਲਣੀ ਲਾਜ਼ਮੀ ਸੀ। ਪੇਂਡੂ ਵੀ ਫਾਰਸੀ ਸਿੱਖ ਗਿਆ ਅਤੇ ਬੋਲਣ ਦਾ ਆਦੀ ਹੋ ਗਿਆ। ਗਰਮੀਆਂ ਦੀ ਰੁੱਤੇ ਉਹ ਆਪਣੇ ਪਿੰਡ ਛੁੱਟੀ ਕੱਟਣ ਵਾਸਤੇ ਆ ਰਿਹਾ ਸੀ। ਤੁਰੇ ਆਉਂਦਿਆਂ ਤ੍ਰੇਹ ਲੱਗੀ - ਉਹ ਹਾਲੋਂ ਬੇਹਾਲ ਹੋ ਗਿਆ। ਪਾਣੀ ਦਾ ਸਾਧਨ ਨੇੜੇ ਕੋਈ ਨਹੀਂ ਸੀ। ਉਸ ਸਮੇਂ ਨਲਕੇ ਬਗੈਰਾ ਤਾਂ ਹੁੰਦੇ ਹੀ ਨਹੀਂ ਸਨ। ਉਦੋਂ ਪਾਣੀ ਪੀਣ ਵਾਸਤੇ ਰਾਹਾਂ ਵਿਚ ਪੌਅ ਹੁੰਦੇ ਸਨ ਜਿੱਥੇ ਇਕ ਖੂਹ ਹੁੰਦਾ ਸੀ, ਲੱਜ ਨਾਲ ਬੰਨ੍ਹਿਆਂ ਡੋਲ ਹੁੰਦਾ ਸੀ। ਪਰ ਉਹਦੇ ਰਾਹ ਵਿਚ ਕੋਈ ਪੌਅ ਨਾ ਆਇਆ। ਆਖਰ ਹਾਲੋਂ ਬੇਹਾਲ ਹੋਇਆ ਪਿੰਡੋਂ ਥੋੜ੍ਹੀ ਦੂਰ ਆ ਕੇ ਤ੍ਰੇਹ ਨਾਲ ਬੇਹਾਲ ਹੋ ਕੇ ਡਿਗ ਪਿਆ। ਕਈ ਲੋਕ ਕੋਲੋਂ ਲੰਘੇ ਉਹ ਪੁੱਛਦੇ ਪਰ ਨਾ ਸਮਝਣ ਕਰਕੇ ਅੱਗੇ ਤੁਰ ਜਾਂਦੇ - ਕਿਸੇ ਨੂੰ ਪਤਾ ਹੀ ਨਾ ਲੱਗਾ ਕਿ ਉਹ ਧਰਤੀ 'ਤੇ ਡਿੱਗਾ ਕਿਉਂ ਹੈ। ਪਾਣੀ ਨਾ ਮਿਲਣ ਕਰਕੇ ਤਿਹਾ ਨਾਲ ਆਖਰ ਉਹ ਪ੍ਰਾਣ ਤਿਆਗ ਗਿਆ।

ਫੇਰ ਲੋਕ ਇਕ ਦੂਜੇ ਤੋਂ ਪੁੱਛਣ ਲੱਗੇ ਕਿ ਆਖਰ ਗੱਲ ਕੀ ਹੋਈ । ਕਿਸੇ ਨੇ ਦੱਸਿਆ ਕਿ ਇਹ ਤਾਂ ਵਾਰ ਵਾਰ ਇਕੋ ਸ਼ਬਦ ਕਹਿ ਰਿਹਾ ਸੀ - ਆਬ, ਆਬ। ਫਾਰਸੀ ਵਿਚ ਪਾਣੀ ਨੂੰ ਆਬ ਕਹਿੰਦੇ ਹਨ ਪਰ ਪਿੰਡ ਵਿਚ ਕਿਸੇ ਨੂੰ ਫਾਰਸੀ ਨਹੀਂ ਸੀ ਆਉਂਦੀ - ਉਹਨੂੰ ਪਾਣੀ ਕੌਣ ਦਿੰਦਾ। ਫੌਜ ਵਿਚ ਫਾਰਸੀ ਬੋਲਣ ਗਿੱਝਿਆ ਫਾਰਸੀ ਦਾ ਹੀ ਸ਼ਿਕਾਰ ਹੋ ਗਿਆ। ਆਪਣੀ ਮਾਂ ਬੋਲੀ ਨਾ ਬੋਲਣ ਕਰਕੇ ਉਹਦੀ ਜਾਨ ਚਲੀ ਗਈ। ਜਦੋਂ ਇਸ ਗੱਲ ਦਾ ਇਕ ਬੁੱਢੀ ਮਾਈ ਨੂੰ ਪਤਾ ਲੱਗਾ ਤਾਂ ਉਹਨੇ ਕਿਹਾ ਸੀ : ਆਬ ਆਬ ਕਰ ਬੱਚੜਾ ਮੋਇਆ ਫਾਰਸੀਆਂ ਘਰ ਗਾਲ਼ੇ।

ਇਸੇ ਦਾ ਸਿੱਟਾ ਨਿਕਲਦਾ ਹੈ ਕਿ ਮਾਂ ਬੋਲੀ ਇਨਸਾਨ ਨੂੰ ਜੀਵਨ ਦਿੰਦੀ ਹੈ। ਥਾਂ-ਕੁਥਾਂਅ ਅਤੇ ਬੇ-ਵਕਤ ਵਰਤੀ ਬੇਗਾਨੀ ਬੋਲੀ ਮੌਤ ਵੀ ਬਣ ਸਕਦੀ ਹੈ।

## ਕਿੰਨੇ ਕੁ ਰਹਿਬਰ ਚਾਹੀਦੇ ਨੇ

ਦੱਸ ਹੋਰ ਕਿੰਨੇ ਕੁ ਰਹਿਬਰ ਚਾਹੀਦੇ ਨੇ,
ਤੈਨੂੰ ਜਗਾਉਣ ਲਈ ।
ਤੇਰੀ ਸੁਤੀ ਹੋਈ ਜਮੀਰ ਨੂੰ,
ਫੜ ਕੇ ਉਠਾਉਣ ਲਈ ।
ਤੇਰੇ ਲਈ ਮਹਾਤਮਾਂ ਬੁੱਧ ਆਏ,
ਕਰਤੇ ਤੋਂ ਸਾਗਰ ਹੋ ਜਾਵੇ।
ਤੈਨੂੰ ਗੁੜਤੀ ਐਸੀ ਦੇ ਗਏ ਉਹ,
ਤੇਰੀ ਬੁੱਧ ਅਸਮਾਨਾਂ ਨੂੰ ਛੋਹ ਜਾਵੇ।
ਲੋਹੇ ਤੋਂ ਕੁੰਦਨ ਬਣ ਜਾਵੇ,
ਸੱਚ ਦੁਨੀਆਂ ਵਿੱਚ ਵਰਤਾਉਣ ਲਈ।
ਦੱਸ ਹੋਰ ਕਿੰਨੇ ਕੁ
ਸਤਿਗੁਰੂ ਨਾਮਦੇਵ ਕਬੀਰ ਜੀ ਨੇ,
ਇਨਕਲਾਬ ਲਈ ਜੀਵਨ ਲਾ ਦਿੱਤੇ।
ਸਤਿਗੁਰੂ ਰਵਿਦਾਸ ਗੁਰੂ ਨਾਨਕ ਨੇ,
ਮਨੂੰਵਾਦ ਦੇ ਤਖਤ ਹਿਲਾ ਦਿੱਤੇ।
ਤੇਰੀ ਅਣਖ ਕਦੇ ਵੀ ਜਾਗੀ ਨਾ,
ਤਾਨਾਸ਼ਾਹੀ ਨੂੰ ਨੱਥ ਪਾਉਣ ਲਈ।
ਦੱਸ ਹੋਰ ਕਿੰਨੇ ਕੁ
ਖਾਲਸਾ ਸਾਜ ਕੇ ਗੁਰੂ ਗੋਬਿੰਦ ਸਿੰਘ ਨੇ,
ਸੰਗਲ ਜਾਤ ਪਾਤ ਦੇ ਤੋੜ ਦਿੱਤੇ।
ਬ੍ਰਾਹਮਣ ਦੇ ਕੋਜੇ ਸਿਸਟਮ ਦੇ,
ਕਲਗੀਧਰ ਨੇ ਤੱਪੜ ਰੋਲ ਦਿੱਤੇ।
ਤੇਰੀ ਖਾਤਰ ਵਾਰ ਸਰਵੰਸ ਦਿੱਤਾ,
ਤੇਰਾ ਇਹ ਸੰਸਾਰ ਵਸਾਉਣ ਲਈ ।
ਦੱਸ ਹੋਰ ਕਿੰਨੇ ਕੁ
ਜੋਤੀਰਾਉ ਫੂਲੇ ਗੁਰੂ ਨਾਰਾਇਣਾਂ,
ਮੱਥਾ ਦੁਸ਼ਮਣ ਦੇ ਨਾਲ ਲਾ ਲਿਆ ਸੀ ।
ਸੁਆਮੀ ਪੈਰੀਅਰ ਸ਼ਾਹੂ ਛਤਰਪਤੀ,
ਮਨੂੰਵਾਦ ਨੂੰ ਵਾਣੀ ਪਾ ਲਿਆ ਸੀ।
ਜਾਣ ਲੱਗੇ ਤੈਨੂੰ ਬਾਬਾ ਸਾਹਿਬ ਦੇ ਗਏ,
ਮਨੂੰਵਾਦ ਦੀ ਅਲਖ ਮੁਕਾਉਣ ਲਈ।
ਦੱਸ ਹੋਰ ਕਿੰਨੇ ਕੁ
ਪੱਚੀ ਯੁੱਗਾਂ ਚ ਅਗਰ ਕੋਈ ਕਰ ਸਕਦਾ,
ਪੱਚੀ ਸਾਲਾਂ ਚ ਭੀਮ ਜੀ ਕਰ ਗਿਆ ਏ,
ਚਾਰ ਬੱਚੇ ਤੇ ਆਪਣੀ ਧਰਮ ਪਤਨੀ,
ਕੁਰਬਾਨ ਕੌਮ ਲਈ ਕਰ ਗਿਆ ਏ।
ਬਿਨ ਕੱਫਣੋਂ ਪੁੱਤਰ ਤੋਰ ਦਿੱਤੇ,
ਤੇਰੀ ਜਿੰਦਗੀ ਸੁਰਗ ਬਣਾਉਣ ਲਈ।
ਦੱਸ ਹੋਰ ਕਿੰਨੇ ਕੁ
ਉਏ ਜਿੰਨੇ ਵੀ ਰਹਿਬਰ ਆਏ ਨੇ,
ਬਲੀ ਚੜ੍ਹ ਗਏ ਤੇਰੀ ਸੋਚ ਦੇ।
ਤੇਰੀ ਨੀਤ ਅਜੇ ਵੀ ਰੱਜੀ ਨਾਂ,
ਕੁਝ ਕਰ ਤੇ ਮੂਰਖਾਹੋਸ਼ ਏ।
ਕੀਨੀਆਂ ਕੁ ਬਲੀਆਂ ਚਾਹੀਦੀਆਂ ਨੇ,
ਤੇਰੀ ਹਵਸ਼ ਮਿਟਾਉਣ ਲਈ।
ਦੱਸ ਹੋਰ ਕਿੰਨੇ ਕੁ
ਇਸ ਤੰਨ ਦਾ ਮਰਨਾ ਮਰਨਾ ਨਈ,
ਮਰੇ ਜਮੀਰ ਜਿੰਨਾ ਦੀ ਉਹ ਮਰ ਜਾਂਦੇ।
ਉਹ ਸਦੀਆਂ ਤੱਕ ਗੁਲਾਮ ਰਹਿੰਦੇ,
ਸਮਝੌਤਾ ਨਾਲ ਹਲਾਤਾਂ ਜੋ ਕਰ ਜਾਂਦੇ।
ਹਰਦਾਸਪੁਰੀ ਉਹ ਰਿਹ ਜਾਂਦੇ,
ਭੇਡਾਂ ਬੱਕਰੀਆਂ ਵਾਂਗ ਝਟਕਾਉਣ ਲਈ।
ਦੱਸ ਹੋਰ ਕਿੰਨੇ ਕੁ ਰਹਿਬਰ ਚਾਹੀਦੇ ਨੇ,
ਤੈਨੂੰ ਜਗਾਉਣ ਲਈ,
ਤੇਰੀ ਸੁਤੀ ਹੋਈ ਜਮੀਰ ਨੂੰ ਫੜ ਕੇ ਉਠਾਉਣ ਲਈ ।

**– ਮਲਕੀਤ ਹਰਦਾਸਪੁਰੀ ਗਰੀਸ।**
**0030.6947249768**

## ਗੀਤ/ ਫਿਲਮੀ ਐਕਸ਼ਨ

ਤੇਰੇ ਵੱਸ ਦਾ ਰੋਗ ਨਹੀਂ ਵੇ ਕਿਉਂ ਤੂੰ ਕਰਦਾ ਰੀਸਾਂ
ਚੰਗੇ ਕੰਮ ਕਰ ਸਦਾ ਸੋਹਣਿਆ ਲੋਕੀ ਦੇਣ ਅਸੀਸਾਂ
ਪੁੱਠੇ ਸਿੱਧੇ ਕੰਮ ਕਰਕੇ ਦੱਸ ਤੈਨੂੰ ਕੀ ਫਿਰ ਮਿਲਦਾ
ਵੇ ਜਾਨ ਗੁਆ ਲਏਂਗਾ ਕਿਉਂ ਤੂੰ ਫਿਲਮੀ ਐਕਸ਼ਨ ਕਰਦਾ।

ਸਾਹ ਸੁੱਕਦੇ ਤੇਰੇ ਮਾਂ-ਪਿਓ ਦੇ ਕਿਵੇਂ ਸਾਰਾ ਪਿੰਡ ਤਾਂ ਰੋਕੇ
ਰੋਕ ਰੋਕ ਕੇ ਥੱਕ ਗਏ ਤੈਨੂੰ ਭੈਣ ਭਾਈ ਵੀ ਟੋਕੇ
ਮੰਨ ਲਈਏ ਕਿਸੇ ਭੜੂਏ ਦੀ ਤੂੰ ਕਿਉਂ ਜਾਵੇ ਚੜ੍ਹਦਾ
ਵੇ ਜਾਨ ਗੁਆ ਲਏਂਗਾ ਕਿਉਂ ਤੂੰ ....

ਵੇਖ ਮੋਟਰ ਸਾਈਕਲ ਨਵਾਂ ਟਰੈਕਟਰ ਤੈਨੂੰ ਲੈ ਕੇ ਦਿੱਤੇ
ਕਰਜਾ ਲੈ ਕੇ ਜੋ ਕੁਝ ਕੀਤਾ ਕਰਦੇ ਨੇ ਤੇਰੇ ਪਿੱਛੇ
ਸਿਰ ਤੋਂ ਪਾਣੀ ਲੰਘ ਜਾਣਾ ਫਿਰੀਂ ਦੋਸ਼ ਦੂਜੇ ਸਿਰ ਮੜ੍ਹਦਾ
ਵੇ ਜਾਨ ਗੁਆ ਲਏਂਗਾ ਕਿਉਂ ਤੂੰ ....

ਮੀਂਹ ਜਾਵੇ ਜਾਂ ਹਨੇਰੀ ਆਵੇ ਤੇਰੇ ਕਰਦੇ ਨੇ ਚਾਅ ਪੂਰੇ
ਨਿੱਤ ਚੰਗਾ ਖਾ ਕੇ ਮੰਦਾ ਬੋਲਦਾ, ਬੋਲਣ ਨਾ ਤੇਰੇ ਮੂਹਰੇ
ਅੱਤ ਚੱਕੀ ਦਾ ਅੰਤ ਹੁੰਦਾ ਤੂੰ ਨੀ ਰੱਬ ਤੋਂ ਡਰਦਾ
ਵੇ ਜਾਨ ਗੁਆ ਲਏਂਗਾ ਕਿਉਂ ਤੂੰ ....

ਸਦਾ ਰਹਿਣ ਚੜ੍ਹਾਈਆਂ ਮੁੰਡਿਆ ਸਦਾ ਨਾ ਰਹਿਣ ਬਹਾਰਾਂ
ਛੱਡ ਜਾਂਦੇ ਪਰਛਾਵੇਂ ਸਾਥ ਵੀ ਲੈਂਦਾ ਨਾ ਕੋਈ ਸਾਰ
'ਦੇਵ ਘੋਲੀਏ' ਵਾਲਿਆਂ ਵੇ ਤੂੰ ਕਿਉਂ ਨੀ ਹਟਾਇਆਂ ਹਟਦਾ
ਜਾਨ ਗੁਆ ਲਏਂਗਾ ਕਿਉਂ ਤੂੰ ਫਿਲਮੀ ਐਕਸ਼ਨ ਕਰਦਾ।



**-ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**

## ਆਈ 'ਤੇ ਆਈ ਆਈਲੈਟਸ!



ਖਬਰਾਂ ਧੋਖਿਆਂ ਵਾਲੀਆਂ ਸੁਣਦਿਆਂ ਵੀ
ਪਾਸਪੋਰਟ ਏਜੰਟਾਂ ਨੂੰ ਦਈ ਜਾਂਦੇ।

ਸਿਰ 'ਤੇ ਚਾੜ੍ਹ ਕੇ ਕਰਜ਼ੇ ਦੀ ਪੰਡ ਭਾਰੀ
ਫਾਹੇ ਅੱਡੀਆਂ ਚੁੱਕ ਕੇ ਲਈ ਜਾਂਦੇ।

ਮੂੰਹ ਮੋੜ ਕੇ ਡਿਗਰੀ ਡਿਪਲੋਮਿਆਂ ਤੋਂ
'ਬੈਂਡ' ਲੈਣ ਦੇ ਚੱਕਰ ਵਿਚ ਪਈ ਜਾਂਦੇ।

ਹਰ ਕੋਈ ਚਾਹੇ ਵਿਦੇਸ਼ ਵਿਚ ਸੈੱਟ ਹੋਣਾ
ਭਾਵੇਂ ਬਾਹਰੋਂ ਪਛਤਾਉਂਦੇ ਨੇ ਕਈ ਜਾਂਦੇ।

ਕੁੜੀਆਂ ਮੁੰਡੇ ਸਭ ਜਾਇ ਪ੍ਰਦੇਸ ਬੈਠੇ
'ਘਰ' ਆਸਰੇ ਬਾਪ ਜਾਂ ਮਾਈ 'ਤੇ ਜੀ।

ਆਈਲੈਟਸ ਨੇ ਪੱਟ ਪੰਜਾਬ ਦਿੱਤਾ
ਆਈ ਹੋਈ ਐ ਆਪਣੀ ਆਈ 'ਤੇ ਜੀ!

**ਤਰਲੋਚਨ ਸਿੰਘ ਦੁਪਾਲਪੁਰ**
**001-408-915-1268**

## ਰਬਿੰਦਰ ਸ਼ਰਮਾ ਦੀਆਂ ਤਿੰਨ ਰਚਨਾਵਾਂ

### ਬਸੰਤ

ਆਇਆ ਬਸੰਤ ਦਾ ਸੋਹਣਾ ਤਿਉਹਾਰ ਹਾਣੀਆਂ,
ਅੰਬਰ ਝਾਕੇ ਖੇਤਾਂ 'ਚ' ਆਈ ਬਹਾਰ ਹਾਣੀਆਂ।
ਮੋਰ ਨੱਚਣ ਖੁਸ਼ੀਆਂ 'ਚ' ਖੰਭ ਖ਼ਲਾਰ ਹਾਣੀਆਂ,
ਮਿਟਾ ਭੇਦ-ਭਾਵ, ਗਰੀਬੀ ਦੇਸ਼ ਨਿਖਾਰ ਹਾਣੀਆਂ ।

ਖੇਤਾਂ ਵਿਚ ਸਰੋਂ, ਕਣਕ,ਮਟਰ, ਛੋਲੇ ਛਾਲਾਂ ਮਾਰਦੇ,
ਭੌਰੇ, ਤਿਤਲੀਆਂ ਉਡ-ਬੈਠ ਫੁਲਾਂ ਨੂੰ ਨਿਹਾਰਦੇ ।
ਵੇਖ ਪੰਛੀਆਂ ਉਡਾਰੀ ਭਰੀ ਸ਼ਾਨਦਾਰ ਹਾਣੀਆਂ,
ਮਿਟਾ ਭੇਦ-ਭਾਵ, ਗਰੀਬੀ ਦੇਸ਼ ਨਿਖਾਰ ਹਾਣੀਆਂ ।

ਅੱਜ ਬਸੰਤੀ ਚੌਲਾਂ ਦੀ ਘਰ-ਘਰ ਚੜ੍ਹਨੀ ਕੜਾਹੀ ਏ,
ਅਸਮਾਨੀ ਉਂਡਦੇ ਪਤੰਗਾਂ ਬੜੀ ਰੌਣਕ ਵਧਾਈ ਏ।
ਪੇਚਾ ਲਾ ਕੇ ਕਿਸੇ ਲਿਆ ਬੋਝ ਨੂੰ ਉਤਾਰ ਹਾਣੀਆਂ,
ਮਿਟਾ ਭੇਦ-ਭਾਵ, ਗਰੀਬੀ ਦੇਸ਼ ਨਿਖਾਰ ਹਾਣੀਆਂ ।

ਧੂਣੀ ਲੱਗੀ ਲੋਹੜੀ ਵਾਲੀ ਘਰਾਂ ਚੋਂ ਬੁੱਝ ਗਈ ਏ,
ਤਿਲ, ਗੱਚਕ, ਮੂੰਗਫਲੀ ਵੀ ਮੂੰਹਾਂ ਤੋਂ ਮੁੜ ਗਈ ਏ ।
ਸਾਗ ਸਰ੍ਹੋਂ ਵਾਲਾ ਰਹਿਣਾ ਦਿਨ ਚਾਰ ਹਾਣੀਆਂ,
ਮਿਟਾ ਭੇਦ-ਭਾਵ, ਗਰੀਬੀ ਦੇਸ਼ ਨਿਖਾਰ ਹਾਣੀਆਂ ।

ਸਰੋਂ ਦੇ ਫੁਲਾਂ ਸਾਰੀ ਕਾਇਨਾਤ ਨੂੰ ਸਜ਼ਾਇਆ ਏ,
ਬਸੰਤੀ ਚੋਲੇ ਵਿਚ ਬੀਰ ਭਗਤ ਸਿੰਘ ਆਇਆ ਏ।
ਖੇਤਾਂ ਚੋਂ ਅਵਾਜ਼ ਦਿੰਦਾ ਦੇਸ਼ ਨੂੰ ਸੰਵਾਰ ਹਾਣੀਆਂ,
ਮਿਟਾ ਭੇਦ-ਭਾਵ, ਗਰੀਬੀ ਦੇਸ਼ ਨਿਖਾਰ ਹਾਣੀਆਂ ।

ਬਸੰਤ ਜਿਹੇ ਖੁਆਬ ਲਏ ਬੀਰਾਂ ਆਜ਼ਦੀ ਪਾਉਣ ਨੂੰ।
ਸ਼ਹੀਦਾਂ ਚੁੰਮੀ ਮੌਤ ਧਰਤੀ ਤੇ ਸੁਰਗ ਬੰਨਾਉਣ ਨੂੰ ,
ਖੁਸ਼ਹਾਲ ਰਹੇ ਕਿਰਤ ਤੂੰ ਕਰ ਉਪਚਾਰ ਹਾਣੀਆਂ ,
ਮਿਟਾ ਭੇਦ-ਭਾਵ, ਗਰੀਬੀ ਦੇਸ਼ਿ ਨਖਾਰ ਹਾਣੀਆਂ ।



**ਰਬਿੰਦਰ ਸ਼ਰਮਾ**

### ਦੇਸ਼ ਆਪਣਾ ਬਚਾਅ ਲੈ

ਕੁਝ ਸੋਚ ਸਮਝ ਤੇ ਕਰ ਖਿਆਲ ਮਿਤਰਾ,
ਸ਼ਹੀਦਾਂ ਤੋੜਿਆ ਗੁਲਾਮੀ ਦਾ ਜਾਲ ਮਿਤਰਾ।
ਲੋਕੀ ਅਜੇ ਤੱਕ ਫ਼ਿਰਦੇ ਨੇ ਬੇਹਾਲ ਮਿਤਰਾ,
ਦੇਸ਼ ਆਪਣਾ ਬਚਾਅ ਲੈ ਤੇ ਸੰਭਾਲ਼ ਮਿਤਰਾ।

ਲੁੱਟ-ਖੁਸੁਟ ਕਰ ਲੋਟੂ ਖਾਈ ਜਾਂਦੇ ਦੇਸ਼ ਨੂੰ,
ਲੁੱਟ ਦਾ ਉਹ ਪੈਸਾ ਜਾਂਦੇ ਭੇਜੀ ਨੇ ਵਿਦੇਸ਼ ਨੂੰ ।
ਕਰ ਦਿੱਤਾ ਇਹਨਾਂ ਦੇਸ਼ ਨੂੰ ਕੰਗਾਲ ਮਿਤਰਾ,
ਦੇਸ਼ ਆਪਣਾ ਬਚਾਅ ਲੈ ਤੇ ਸੰਭਾਲ਼ ਮਿਤਰਾ ।

ਸਿਹਤ ਤੇ ਸਿਖਆ ਤਾਂਿ ਇਹਨਾ ਕਬਜ਼ਾਏ ਨੇ,
ਪ੍ਰਾਈਵੇਟ ਸਕੂਲ,ਹਸਪਤਾਲ ਥਾਂ ਥਾਂ ਬਣਾਏ ਨੇ।
ਢੇਰ-ਢੇਰ ਫੀਸਾਂ ਨਾਲ ਕੀਤਾ ਬੁਰਾ ਹਾਲ ਮਿਤਰਾ,
ਦੇਸ਼ ਆਪਣਾ ਬਚਾਅ ਲੈ ਤੇ ਸੰਭਾਲ਼ ਮਿਤਰਾ ।

ਵੱਡੇ-ਵੱਡੇ ਸੌਦਿਆਂ 'ਚ' ਖਰਬਾਂ ਦੇ ਘੋਟਾਲੇ ਨੇ,
ਛੋਟੇ-ਮੋਟਿਆਂ 'ਚ' ਵੀ ਕਈ ਘਾਲੇ-ਮਾਲੇ ਨੇ ।
ਭ੍ਰਿਸ਼ਟਾਚਾਰ ਵਿਛਾਇਆ ਗੂੜਾ ਜਾਲ ਮਿਤਰਾ,
ਦੇਸ਼ ਆਪਣਾ ਬਚਾਅ ਲੈ ਤੇ ਸੰਭਾਲ਼ ਮਿਤਰਾ ।

ਵੰਡ ਨਾ ਮੁਕਾਈ ਇਨ੍ਹਾਂ ਜਾਤ ਤੇ ਧਰਮਾਂ ਦੀ,
ਭੁੱਖ ਤੇ ਗਰੀਬੀ ਦਸਣ ਲਾਹਨਤ ਕਰਮਾਂ ਦੀ ।
ਕੋਈ ਪੁੱਛਦਾ ਨਾ ਉਠ ਇਹਦੇ ਸਵਾਲ ਮਿਤਰਾ,
ਦੇਸ਼ ਆਪਣਾ ਬਚਾਅ ਲੈ ਤੇ ਸੰਭਾਲ਼ ਮਿਤਰਾ ।

ਲੀਡਰ ਬਣ ਸੇਵਾਦਾਰ,ਚੌਕੀਦਾਰ ਆਉਦੇ ਨੇ,
ਲੋਟੂਆਂ ਦੇ ਨਾਲ ਮਿਲ ਵਫ਼ਾਦਾਰੀ ਨਿਭਾਉਦੇ ਨੇ ।
ਅੰਨੀ ਭਗਤੀ ਤੂੰ ਛੱਡ ਨਾ ਹੋ ਦਿਆਲ ਮਿਤਰਾ,
ਦੇਸ਼ ਆਪਣਾ ਬਚਾਅ ਲੈ ਤੇ ਸੰਭਾਲ਼ ਮਿਤਰਾ।

### ਗ਼ਜ਼ਲ

ਜਿਹਦੇ ਭਰੇ ਖ਼ਜ਼ਾਨੇ ਹੁੰਦੇ,
ਲੋਕ ਉਹਦੇ ਦੀਵਾਨੇ ਹੁੰਦੇ ।
ਖ਼ੀਸਾ ਜਿਹਦਾ ਹੁੰਦਾ ਖਾਲ਼ੀ,
ਯਾਰ ਉਸ ਤੋਂ ਅਣਜਾਣੇ ਹੁੰਦੇ ।

ਜਿਹੜੀ ਥਾਂ ਹੁਣ ਲੁੱਟੀ ਜਾਂਦੀ,
ਉਹਦੇ ਨੇੜੇ ਹੀ ਥਾਣੇ ਹੁੰਦੇ ।
ਕਿਵੇਂ ਚੋਰਾਂ ਦੀ ਹੋਏ ਸ਼ਨਾਖ਼ਤ,
ਪਾਏ ਸੰਨਿਆਸੀ ਬਾਣੇ ਹੁੰਦੇ ।

ਜੰਗਲ਼ ਦੇ ਰੁੱਖ ਜਾਣ ਗੁਵਾਚੇ,
ਦਰਜ਼ ਨਾ ਪਰਚੇ-ਨਾਵੇਂ ਹੁੰਦੇ ।
ਚੁੱਪ-ਚੁਪੀਤੇ ਰਹਿਣ ਖੜਿਓ,
ਸਹਿਮੇ ਹੋਏ ਬੀਬੇ-ਰਾਣੇ ਹੁੰਦੇ ।

ਰਾਹ ਪਿਆ ਉਹ ਕਿਵੇਂ ਬੈਠਣ,
ਢਿੱਡ ਜਦ ਭੁੱਖਣ ਭਾਣੇ ਹੁੰਦੇ ।
ਉੱਥੇ ਹੀ ਨੇਤਾ ਦੇਣ ਗਰਾਂਟਾ,
ਜਿਥੋਂ ਖ਼ੀਸੇ ਪੈਸੇ ਆਉਣੇ ਹੁੰਦੇ।

ਮਾਲਦਾਰ ਨਾ ਦਿਲ ਤੋਂ ਭਰਦੇ,
ਇਹ ਦੌਲਤ ਦੇ ਮਸਤਾਨੇ ਹੁੰਦੇ ।
ਹੱਕ ਪਰਾਇਆ ਖਾਣੇ ਵਾਲੇ,
ਹਰਾਮਖੋਰ, ਮਿਲਖਾਣੇ ਹੁੰਦੇ ।

ਬੁਧੀ ਵਾਲੇ ਸਿਰ ਲਕੋਵਣ,
ਭੈੜੇ ਵੇਖ ਜ਼ਮਾਨੇ ਹੁੰਦੇ।
ਨੇਕੀ ਤਾਂ ਹੁਣ ਪਿਛੇ ਪੈ ਗਈ,
ਸੱਚ ਲਈ ਹਰਜਾਨੇ ਹੁੰਦੇ ।

ਸਾਂਝ ਨਾਲ ਭਾਈਚਾਰਾ ਹੁੰਦਾ,
ਜਦ ਮਿਲਕੇ ਹੱਥ ਬਟਾਣੇ ਹੁੰਦੇ।
ਸੋਚਾਂਿ ਜਨ੍ਹਾ ਦੀਆਂ ਹੋਣ ਖੁਰੀਆਂ,
ਉਹ ਅਕਲੋਂ ਅੰਨੇ-ਕਾਣੇ ਹੁੰਦੇ ।

ਰੱਬ ਦੇ ਨਾ ਫ਼ਸਾਦ ਨਾ ਪਾਉਂਦੇ,
ਜੇ ਬੰਦੇ ਨੂੰ ਪਹਿਚਾਣੇ ਹੁੰਦੇ।
ਵੈਰ ਵਿਰੋਧ ਵਧਾਉਂਦੇ ਜੋ ਵੀ,
ਸੁੱਟੇ ਵਿਚ ਜੇਲ-ਖ਼ਾਨੇ ਹੁੰਦੇ ।

ਜੇ ਰਸਤੇ ਕਾਲੇ-ਘੁੱਪ ਨਾ ਹੁੰਦੇ,
ਨਾ ਕਿਤੇ ਵੀਰਾਨੇ ਹੁੰਦੇ ।
ਸਹਿਮੇਂ ਕਿਸੇ ਦੇ ਘਰ ਨਾ ਹੁੰਦੇ,
ਜੇ ਬੰਨਿਓ ਸਹੀ ਪੈਮਾਨੇ ਹੁੰਦੇ ।

**– ਰਬਿੰਦਰ ਸ਼ਰਮਾ**

## ਰਾਖਵਾਂਕਰਨ ਵਿਰੋਧੀ ਹੈ 13 ਪੁਆਇੰਟ ਰੋਸਟਰ ਪ੍ਰਣਾਲੀ

**(ਸਫਾ 14 ਦੀ ਬਾਕੀ)**

ਲਈ ਹੋਵੇਗੀ ਅਤੇ ਬਾਰ੍ਹਵੀਂ ਅਸਾਮੀ ਪਛੜੇ ਵਰਗ ਤੋਂ ਬਾਅਦ ਤੇਰ੍ਹਵੀਂ ਅਸਾਮੀ ਜਨਰਲ ਅਤੇ ਆਖ਼ਰੀ ਅਸਾਮੀ ਅਨਸੂਚਿਤ ਜਨ ਜਾਤੀ ਵਰਗ ਲਈ ਛੱਡੀ ਜਾਵੇਗੀ। ਅਜਿਹੇ ਸਿਸਟਮ ਤਹਿਤ ਵਿਭਾਗ ਨੂੰ ਇਕਾਈ ਮੰਨ ਲੈਣ ਕਰਕੇ ਪਛੜੇ ਵਰਗਾਂ ਦੇ ਬੱਚਿਆਂ ਨੂੰ ਚਾਰ ਅਸਾਮੀਆਂ ਅਤੇ ਅਨਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਰਾਖਵਾਂਕਰਨ ਤਦ ਹੀ ਮਿਲੇਗਾ ਜਦੋਂ ਕਿਸੇ ਵਿਭਾਗ ਵਿੱਚ ਸੱਤ ਅਸਾਮੀਆਂ ਲਈ ਇਸ਼ਤਿਹਾਰ ਜਾਰੀ ਕੀਤਾ ਜਾਵੇ ਅਤੇ ਅਨਸੂਚਿਤ ਜਾਤੀ ਦੇ ਵਿਦਿਆਰਥੀ ਨੂੰ ਲਈ ਮੌਕਾ ਉਦੋਂ ਹੀ ਮਿਲੇਗਾ ਜੇਕਰ ਕਿਸੇ ਵਿਭਾਗ ਵਿੱਚ ਤੇਰਾਂ ਅਸਾਮੀਆਂ ਤੇ ਭਰਤੀ ਹੋਣੀ ਹੋਵੇ। ਇਹ ਸੰਭਾਵਨਾ ਨਾ ਮਾਤਰ ਹੈ ਕਿਸੇ ਵਿਭਾਗ ਵਿੱਚ 13 ਅਸਾਮੀਆਂ ਲਈ ਇਸ਼ਤਿਹਾਰ ਜਾਰੀ ਕੀਤਾ ਜਾਵੇ। ਇਸ ਤਰਾਂ ਰਾਖਵਾਂਕਰਨ ਜੋ ਕੁੱਲ ਅਸਾਮੀਆਂ ਦਾ 49.5 ਬਣਦਾ ਹੈ, ਇਸ ਰੋਸਟਰ ਨਾਲ ਸਿਰਫ਼ 30 ਪ੍ਰਤੀਸ਼ਤ ਹੀ ਰਹਿ ਜਾਂਦਾ ਹੈ। ਉਦਾਹਰਨ ਦੇ ਤੌਰ ਤੇ ਕਿਸੇ ਯੂਨੀਵਰਸਿਟੀ ਦੇ ਇੱਕ ਵਿਭਾਗ ਜਾਂ ਮੰਨ ਲਉ ਪੰਜਾਬੀ ਵਿਭਾਗ ਵਿੱਚ ਦੋ ਜਾਂ ਤਿੰਨ ਪ੍ਰੋਫੈਸਰਾਂ ਲਈ ਅਸਾਮੀਆਂ ਕੱਢੀਆਂ ਜਾਂਦੀਆਂ ਹਨ ਤਾਂ ਇਸ ਵਿਵਾਦਿਤ ਰੋਸਟਰ ਦੀ ਨੀਤੀ ਅਨੁਸਾਰ ਤਿੰਨ ਦੀਆਂ ਤਿੰਨ ਅਸਾਮੀਆਂ ਤੇ ਜਨਰਲ ਵਰਗ ਦੇ ਵਿਦਿਆਰਥੀ ਹੋ ਨਿਯੁਕਤ ਹੋਣਗੇ ਅਤੇ ਅਜਿਹੀ ਸੂਰਤ ਵਿੱਚ ਰਾਖਵੇਂ ਵਰਗਾਂ ਲਈ ਰਾਖਵਾਂਕਰਨ ਦੀ ਸਥਿਤੀ ਨਿੱਲ ਹੋ ਜਾਵੇਗੀ। ਜਿਸ ਦੀ ਮਿਸਾਲ 13 ਪੁਆਇੰਟ ਤਹਿਤ ਰਾਸ਼ਟਰ ਅਨੁਸਾਰ ਇੰਦਰਾ ਗਾਂਧੀ ਯੂਨੀਵਰਸਿਟੀ ਵੱਲੋਂ ਆਪਣੇ ਵੱਖ ਵੱਖ ਵਿਭਾਗਾਂ ਦੀਆਂ 20 ਅਸਾਮੀਆਂ ਲਈ ਪ੍ਰਤੀ ਵਿਭਾਗ ਤਿੰਨ ਜਾਂ ਦੋ ਅਸਾਮੀਆਂ ਤੇ ਪ੍ਰੋਫੈ-ਸਰਾਂ ਦੀ ਭਰਤੀ ਲਈ ਇਤਿਹਾਸ ਜਾਰੀ ਕੀਤਾ ਪਰ ਅਨਸੂਚਿਤ ਜਾਤੀ,ਅਨਸੂਚਿਤ ਜਨ ਜਾਤੀ ਅਤੇ ਪਛੜੇ ਵਰਗਾਂ ਲਈ ਇੱਕ ਵੀ ਅਸਾਮੀ ਰਾਖਵੀਂ ਨਹੀ ਕੀਤੀ ਗਈ ਅਤੇ ਰਾਖਵੇਂ ਕੋਟੇ ਨੂੰ ਨਿੱਲ ਦਿਖਾਇਆ ਗਿਆ ਅਤੇ ਪੂਰੀਆਂ ਅਸਾਮੀਆਂ ਇੱਕ ਤਰਾਂ ਨਾਲ ਜਨਰਲ ਵਰਗ ਲਈ ਰਾਖਵੀਂਆਂ ਕਰ ਦਿੱਤੀਆਂ ਗਈਆਂ ਜੋ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਹੈ।

ਪਹਿਲਾ ਯੂਨੀਵਰਸਿਟੀ ਨੂੰ ਇਕਾਈ ਮੰਨ ਕੇ ਭਰਤੀ ਕਰਨ ਸਮੇਂ ਜੇਕਰ ਕਿਸੇ ਵਿਭਾਗ ਵਿੱਚ ਰਾਖਵੇਂਕਰਨ ਦੀ ਪੂਰਤੀ ਨਹੀਂ ਹੁੰਦੀ ਤਾਂ ਸਮੁੱਚੀਆਂ ਅਸਾਮੀਆਂ ਭਾਵ ਕਿਸੇ ਹੋਰ ਵਿਭਾਗ ਵਿੱਚ ਐਡਜਸਟ ਕਰ ਦਿੱਤਾ ਜਾਂਦਾ ਸੀ ਪਰ ਹੁਣ ਅਜਿਹਾ ਨਹੀ ਹੈ। ਇਸ ਲਈ ਇਹ ਸਪੱਸ਼ਟ ਹੈ ਕਿ ਸਰਕਾਰੀ ਤੇ ਪੱਧਰ ਰਾਖਵੇਂਕਰਨ ਦੀ ਸੰਵਿਧਾਨਿਕ ਵਿਵਸਥਾ ਨੂੰ ਤਹਿਸ ਨਹਿਸ ਕਰਨ ਲਈ ਵਿਊਂਤਬੰਦੀ ਕੀਤੀ ਜਾ ਰਹੀ ਹੈ। ਅਨਸੂਚਿਤ ਜਾਤੀਆਂ, ਅਨਸੂਚਿਤ ਜਨ ਜਾਤੀਆਂ ਅਤੇ ਪਛੜੇ ਵਰਗਾਂ ਨੂੰ ਆਪਣੇ ਸੰਵਿਧਨਿਕ ਹੱਕਾਂ ਦੀ ਰਾਖੀ ਅਤੇ ਪ੍ਰਾਪਤੀ ਲਈ ਚੇਤੰਨ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ, ਇਸ ਵਿੱਚ ਹੀ ਉਨ੍ਹਾਂ ਦੀ ਭਲਾਈ ਹੈ।

## ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਆਉਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ

**ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਆਉਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ:**

ਸ਼੍ਰੀ ਆਖੰਡ ਪਾਠ ਸਾਹਿਬਾਂ ਦੀ ਲੜੀ ਵਿੱਚ ਸੱਤਵਾਂ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਸ਼੍ਰੀ ਵਿਸ਼ਾਲ ਮਹਿਮੀ, ਬੀਬੀ ਪੁਨੀਤ ਮਹਿਮੀ ਅਤੇ ਸਮੂੰਹ ਮਹਿਮੀ ਪਰਿਵਾਰ ਵਲੋਂ ਹੋ ਰਹੀ ਹੈ।

ਸ਼੍ਰੀ ਅਖੰਡ ਪਾਠ ਫਰਵਰੀ 6, ਬੁੱਧਵਾਰ ਸਵੇਰੇ 9:30 ਵਜੇ ਆਰੰਭ ਹੋਣਗੇ ਅਤੇ ਸ਼ੁੱਕਰਵਾਰ, 8 ਫਰਵਰੀ ਨੂੰ ਧੁਰ ਕੀ ਬਾਣੀ ਦੇ ਭੋਗ ਸਵੇਰ ਦੇ ਦਿਵਾਨਾ (9:30 ਤੋਂ 1:30 ਤੱਕ) ਵਿਖੇ ਪਾਏ ਜਾਣਗੇ। ਸਵੇਰੇ 11 ਵਜੇ ਅਰਦਾਸ ਅਤੇ ਹੁਕਮਨਾਮੇ ਹੋਣਗੇ ਉਪਰੰਤ 11:30 ਵਜੇ ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰੇਗਾ।

ਸ਼੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਵਿੱਚ ਅੱਠਵੇਂ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂਘਰ ਦੇ ਸੇਵਾਦਾਰ ਟਰੱਕ ਡਰਾਇਵਰ ਵੀਰਾਂ ਅਤੇ ਸਮੂੰਹ ਸੰਗਤਾਂ ਵਲੋਂ ਹੋ ਰਹੀ ਹੈ। ਧੁਰ ਕੀ ਬਾਣੀ ਦੇ ਆਰੰਭ ਸ਼ੁੱਕਰਵਾਰ, 8 ਫਰਵਰੀ ਸਵੇਰੇ 10:30 ਵਜੇ ਹੋਣਗੇ ਅਤੇ ਭੋਗ ਐਤਵਾਰ, 10 ਫਰਵਰੀ ਸਵੇਰ ਦੇ ਦੀਵਾਨਾ (9:30 ਤੋਂ 1:30 ਤੱਕ) ਵਿੱਚ ਪਾਏ ਜਾਣਗੇ ਜੀ। ਸਵੇਰੇ 11 ਵਜੇ ਅਰਦਾਸ ਅਤੇ ਹੁਕਮਨਾਮੇ ਹੋਣਗੇ ਉਪਰੰਤ 11:30 ਵਜੇ ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰੇਗਾ।

ਆਪ ਆਪਣੇ ਪਰਿਵਾਰਾਂ, ਰਿਸਤੇਦਾਰਾਂ, ਦੋਸਤਾਂ ਮਿੱਤਰਾਂ ਸਹਿਤ ਦਰਸ਼ਨ ਦੇ ਕੇ ਗੁਰੂਘਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ ਜੀ।

ਗੁਰੂਘਰ ਵਿਖੇ ਨਗਰ ਕੀਰਤਨ ਦੇ ਸਮਾਗਮਾਂ ਨੂੰ ਸਪੌਂਸਰ ਕਰਨ ਲਈ ਸੇਵਾਵਾਂ ਖੁਲੀਆਂ ਹਨ।

**ਸੰਪਰਕ:**
**ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ**
**ਸ਼੍ਰੀ ਰਾਜ ਬੱਧਣ ਜੀ**
**(916) 601-3842**
**ਸ਼੍ਰੀ ਇੰਦਰਜੀਤ ਪੜਵੱਗਾ ਜੀ**
**(916) 276-2538**
**ਸ਼੍ਰੀ ਤੇਜਪਾਲ ਵਿਰਕ ਜੀ**
**(916) 912-5678**

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਅਖੰਡ ਪਾਠਾਂ ਦੀ ਲੜੀ ਦਾ ਵੇਰਵਾ

## ਸ਼੍ਰੀ ਮਿਲਖੀ ਰਾਮ ਜੱਸਲ ਜੀ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਹੋਈ





















ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਵਿੱਚ 6ਵੇ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਗੁਰੂਘਰ ਦੇ ਪਰਮਸੇਵਕ ਸ਼੍ਰੀ ਅਜੈਬ ਸਿੰਘ , ਬੀਬੀ ਬਲਜੀਤ ਕੌਰ ਅਤੇ ਸਮੂੰਹ ਪਰਿਵਾਰ ਵਲੋਂ ਹੋਈ। ਫਰਵਰੀ 1, ਦਿਨ ਸ਼ੁੱਕਰਵਾਰ ਨੂੰ ਆਰੰਭ ਹੋਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਐਤਵਾਰ, ਫਰਵਰੀ, 3 ਨੂੰ ਸਵੇਰੇ 10:00 ਵਜੇ ਪਏ ਗਏ। ਅਰਦਾਸ ਬੇਨਤੀਆਂ ਉਪਰੰਤ ਕੀਰਤਨ ਦਿਵਾਨ ਸਜਾਏ ਗਏ, ਜਿਸ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਦੇ ਜੱਥੇ ਵੱਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ। ਸੇਵਕ ਪਰਿਵਾਰ ਨੂੰ ਗੁਰੂਘਰ ਵਲੋਂ ਸ਼੍ਰੀ ਸਿਰੋਪਾਓ ਸਾਹਿਬ ਬਖਸ਼ਿਸ਼ ਕੀਤੇ ਗਏ। ਸਟੇਜ਼ ਸਕੱਤਰ ਸ਼੍ਰੀ ਬਲਜੀਤ ਸਿੰਘ ਨੇ ਸੰਗਤਾਂ ਨੂੰ ਦਿਨ ਐਤਵਾਰ ਮਾਰਚ 10, 2019 ਨੂੰ ਸਜਾਏ ਜਾ ਰਹੇ 19ਵੇ ਮਹਾਨ ਨਗਰ ਕੀਰਤਨ ਬਾਰੇ ਜਾਣਕਾਰੀ ਦਿੱਤੀ ਅਤੇ ਸਮੂੰਹ ਸੰਗਤਾਂ ਨੂੰ ਆਪਣੇ ਪਰਿਵਾਰਾਂ, ਰਿਸਤੇਦਾਰਾਂ, ਦੋਸਤਾਂ ਮਿੱਤਰਾਂ ਸਹਿਤ ਹੁੰਮ ਹੁਮਾ ਕੇ ਪਹੁਚਣ ਦੀ ਬੇਨਤੀ ਕੀਤੀ।

ਸ਼੍ਰੀ ਮਿਲਖੀ ਰਾਮ ਜੱਸਲ ਜੀ ( ਪਿਛਲਾ ਪਿੰਡ ਕਰੀਹਾ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੇ ਅੰਤਿਮ ਸੰਸਕਾਰ ਸ਼ਨੀਵਾਰ , 02K ਫਰਵਰੀ ਨੂੰ ਹੋਏ ਅਤੇ ਸੰਸਕਾਰ ਤੋਂ ਬਾਅਦ ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਸ਼੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਸ਼੍ਰੀ ਮਿਲਖੀ ਰਾਮ ਜੱਸਲ ਜੀ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਹੋਈ।


TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM

# THINKING OF BUYING OR SELLING COMMERCIAL PROPERTIES IN CALIFORNIA? CALL US NOW !



BH HS

BERKSHIRE HATHAWAY
HomeServices
Elite Real Estate

COMMERCIAL DIVISION



**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND










**CALL US FOR FREE CONSULTATION ABOUT SELLING YOUR GAS STATION OR HOTEL. WE CAN ALSO GIVE YOU OUR EXPERT ADVISE ON VALUE OF YOUR GAS STATION OR ANY COMMERCIAL PROPERTY.**

SPEAK WITH A PROFESSIONAL REALTOR TODAY!

WE HAVE QUALIFIED BUYERS FOR GAS STATIONS AND LIQUOR STORES.

**THE RIGHT AGENT HELPS GUIDE YOU TO YOUR DREAM PROPERTY.**
**WWW.BHHCOMMERCIAL.COM**

Chevron SHELL ARCO ampm Mobil Holiday Inn Best Western

# 7412 ELSIE AVE, SACRAMENTO CA 95828

# SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**

## February 10, 2019: Bhog & Antim Ardass for Jagdish Kaur Ram "Jackie Ram"



Jagdish Kaur Ram, popularly known as "Jackie Ram," daughter of Late Commissioner Lahori Ram and Bibi Prito Ram, left for her heavenly abode on January 20, 2019. She passed away in her sleep at her home in Burlingame, CA at the very young age of 34 years. She was a very friendly and loving person. Her smile brightened up the place wherever she went. She was a very kind hearted and helpful person. She was a dedicated Sewadar of our Gurughar. Her untimely demise is unbearable for the whole community

Bibi Prito Ram, her sons Jagdev Ram and Ajaipaul Ram, daughter in law Ramitpal Ram and grand-daughter Jasmyne Kaur Ram will host Sri Sehaj Path, Kirtan, Antim Ardass and Langar for peace and tranquility for the departed soul.

Sri Sehaj Path will begin on February 2, 2019, and conclude on Sunday February 10, 2019, at Sri Guru Ravidass Temple, Pittsburg. The Ram Family is requesting everyone to come and join in the Ardass.

May Waheguru give peace to the departed soul and give strength, courage, and wisdom to the family and friends to bear this huge loss.

## ਜਗਦੀਸ਼ ਕੌਰ ਰਾਮ "ਜੈਕੀ ਰਾਮ" ਦਾ ਭੋਗ ਅਤੇ ਅੰਤਿਮ ਅਰਦਾਸ 10 ਫਰਵਰੀ 2019


# SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**


## ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਗਟ ਦਿਹਾੜਾ 22, 23, 24 ਫਰਵਰੀ 2019 ਨੂੰ

ਹਮ ਸਰਿ ਦੀਨੁ ਦਇਆ ਲੁਨ ਤੁਮਸਰਿ ਅਬਪਤੀਆ ਰੁਕਿਆ ਕੀਜੈ॥
ਬਚਨੀ ਤੋਰ ਮੋਰ ਮਨੁਮਾਨੈ ਜਨਕ ਉਪੂਰਨੁ ਦੀਜੈ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥1॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸਲਗਿ ਜੀਵਉ ਚਿਰ ਭਇਓ ਦਰਸਨ ਦੇਖੇ॥



***Sri Guru Ravidass Sabha, Pittsburg, CA is celebrating the 642nd Parkash Utsav of SATGURU RAVIDASS JI on Sunday, February 24, 2019. Entire Sangat is cordially invited to participate in this celebration with family and friends and receive the benign blessings of Guru Ravidass ji.***

| | |
|---|---|
| ***ARAMBH SHRI AKHAND PATH*** | ***February 22, 2019 (FRIDAY) 9:30 AM*** |
| ***BHOG SHRI AKHAND PATH*** | ***February 24, 2019 (SUNDAY) 9:30 AM*** |
| ***KIRTAN DIWAN*** | ***After Bhog Ceremony until 2:00 PM*** |

*Nishan Sahib Hoisting Ceremony will be held on February 23rd 2019 (Saturday) at 11:00 AM. Ramesh Suman and Bibi Gyan Suman will be doing this sewa.Sri Guru Ravidass ji was born in 1377, in Kanshi (Banaras), Uttar Pradesh in India, in a humble family of Baba Santokh Dass ji and Mata Kalsa Devi ji. Satguru Ravidass Ji was a great religious and social reformer. Guru Ji dedicated his whole life for the welfare of the humanity. Guru Ji preached social harmony and stood against caste based discrimination. Satguru Ravidass ji preached equality among all human beings. GURU RAVIDASS JI 's Sermons / Bani is part of Holy SHRI GURU GRANTH SAHIB JI.*


*Sangat will perform Langar and Path Sewa during the Gurpurab celebrations. Prominent Jatha of Giani Suveg Singh, Giani Gurnam Singh & Giani Ompal Singh will enhance this Kirtan Diwan along with distinguished speakers and community leaders well versed with life and teachings of Satguru Ravidass ji.*

*Sangat will perform Langar and Path Sewa during the Gurpurab celebrations. Prominent Jatha of Giani Suveg Singh, Giani Gurnam Singh & Giani Ompal Singh will enhance this Kirtan Diwan along with distinguished speakers and community leaders well versed with life and teachings of Satguru Ravidass ji.*

*The Gurughar Committee requests the community for volunteers to help the event committee to prepare and serve Langar, keep Gurughar clean and organized, directing traffic/parking besides other Sewas.*

*"Gurughar Domes Construction" project is underway. This is a huge project, which needs the financial support of the entire Sangat Sangat is humbly requested to donate whole heartedly for the Construction Project.*

*Famous Punjabi Singer Amrita Virk will adom the occasion with Shabad Kirtan on Sunday, February 24, 2019*



***For STALLS, LANGAR or any other SEWA, contact:***
***Chairman Ramesh Suman at (925)366-3618***
***President Kashmiri Bhatia at (408)460-0262 or***
***General Secretary Dilbag Singh at (209)834-4641***

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |